# ਕੈਨੇਡਾ ਦਰਪਣ

ਮਾਰਚ 21, 1986

**March 21, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan

Punjabi Weekly Newspaper

Weekending March 21, 1986 Vol. 5 No. 11 Price 35¢ Out of Greater Vancouver 50¢ Ph. (604)581-4473

**ਅੰਦਰ ਪੜ੍ਹੋ :**


- ਪੰਜਾਬ ਡਾਇਰੀ
- ਇੰਦਰਾ ਕਤਲ ਟਲ ਸਕਦਾ ਸੀ
- ਲਾਇਕ ਬੱਚੇ
- ਦੇਸ਼ ਭਗਤਾਂ ਦੀ ਯਾਦਗਾਰ "ਗ਼ਦਰ ਮੈਮੋਰੀਅਲ
- ਪੰਜਾਬੀ ਲੋਕ ਤੇ ਕੇਂਦਰ ਸਰਕਾਰ
- ਭਵਿੱਖ ਬਾਣੀ
- ਫਿਲਮ ਲੋਕ


# ਕਸ਼ਮੀਰ ਵਿਚ ਸ਼ਾਹ ਸਰਕਾਰ ਡਿਸਮਿਸ

# ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ

ਸ੍ਰੀ ਨਗਰ — ਕੇਂਦਰ ਸਰਕਾਰ ਨੇ ਜੀ. ਐਮ. ਸ਼ਾਹ ਦੀ ਸਰਕਾਰ ਨੂੰ ਡਿਸਮਿਸ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ ਹੈ। ਹਿੰਦੂ-ਮੁਸਲਿਮ ਫਸਾਦਾਂ ਕਾਰਨ ਸ਼ਾਹ ਸਰਕਾਰ ਉਤੋਂ ਆਮ ਲੋਕਾਂ ਦਾ ਵਿਸ਼ਵਾਸ਼ ਖਤਮ ਹੋਣ ਕਾਰਨ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਦੱਸਿਆ ਜਾਂਦਾ ਹੈ।

ਯਾਦ ਰਹੇ ਕਿ ਫਾਰੂਕ ਸਰਕਾਰ ਨੂੰ ਉਲਟਾਉਣ ਪਿਛੋਂ ਜੀ. ਐਮ. ਸ਼ਾਹ ਨੇ ਕਾਂਗਰਸ (ਆਈ) ਨਾਲ ਰਲ ਕੇ ਸਰਕਾਰ ਬਣਾਈ ਸੀ। ਅਮਨ ਅਤੇ ਕਾਨੂੰਨ ਦੀ ਸਥਿਤੀ ਦਿਨੋਂ ਦਿਨ ਸੂਬੇ ਵਿਚ ਵਿਗੜਦੀ ਜਾ ਰਹੀ ਸੀ।

ਗ੍ਰਹਿਮੰਤਰੀ ਸ੍ਰੀ ਚਵਾਨ ਨੇ ਲੋਕ ਸਭਾ ਨੂੰ ਦੱਸਿਆ ਕਿ ਜਲਦੀ ਹੀ ਰਾਜ ਵਿਚ ਚੋਣਾਂ ਕਰਵਾਈਆਂ ਜਾਣਗੀਆਂ।

## ਫੌਜੀਆਂ ਦੇ ਬੱਚਿਆਂ ਨੂੰ ਮੁਫਤ ਵਿਦਿਆ ਦੇਣ ਦਾ ਫੈਸਲਾ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਫੌਜੀ ਕਾਰਵਾਈ ਵਿਰੁਧ ਰੋਸ ਪ੍ਰਗਟ ਕਰਨ ਲਈ ਬੈਰਕਾਂ ਛੱਡਣ ਵਾਲੇ ਫੌਜੀਆਂ ਦੇ ਬੱਚਿਆਂ ਨੂੰ ਯੂਨੀਵਰਸਿਟੀ ਤਕ ਦੀ ਵਿਦਿਆ ਮੁਫਤ ਦੇਣ ਦਾ ਫੈਸਲਾ ਕੀਤਾ ਹੈ। ਇਹ ਸਹੂਲਤ ਪੰਜਾਬ ਡਿਫੈਂਸ ਅਤੇ ਸੁਰੱਖਿਆ ਰਾਹਤ ਫੰਡ ਵਿਚੋਂ ਪ੍ਰਦਾਨ ਕੀਤੀ ਜਾਵੇਗੀ। ਪੰਜਾਬ ਦੇ ਮਾਲ ਮੰਤਰੀ ਸ. ਮੇਜਰ ਸਿੰਘ ਉਬੋਕੇ ਨੇ ਦੱਸਿਆ ਕਿ ਇਹ ਰਕਮ ਜਮਾਤਾਂ ਨੂੰ ਮੁੱਖ ਰੱਖ ਕੇ ਦਿੱਤੀ ਜਾਵੇਗੀ। ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਦਸ ਰੁਪਏ ਮਹੀਨਾ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ 25 ਰੁਪਏ ਮਹੀਨਾ, ਕਾਲਜ ਤੱਕ 50 ਰੁਪਏ, ਤਕਨੀਕੀ ਸਿਖਿਆ ਲੈਣ ਵਾਲਿਆਂ ਨੂੰ 75 ਰੁਪਏ ਅਤੇ ਵਿਦੇਸ਼ਾਂ ਵਿਚ ਉਚੇਰੀ ਵਿਦਿਆ ਲੈਣ ਵਾਲਿਆਂ ਨੂੰ 250 ਰੁਪਏ ਮਹੀਨਾ ਰਾਹਤ ਦਿਤੀ ਜਾਵੇਗੀ। ਮਾਲ ਮੰਤਰੀ ਨੇ ਇਹ ਵੀ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਤਕਨੀਕੀ ਸੰਸਥਾਵਾਂ ਵਿਚ ਪੜ੍ਹਦੇ ਵਿਦਿਆਰਥੀਆਂ ਕੋਲੋਂ ਕੋਈ ਫੀਸ ਨਹੀਂ ਵਸੂਲ ਕੀਤੀ ਜਾਵੇਗੀ। ਇਨ੍ਹਾਂ ਬੱਚਿਆਂ ਨੂੰ ਕਿਤਾਬਾਂ ਖਰੀਦਣ ਲਈ ਮਦਦ ਦਿਤੀ ਜਾਵੇਗੀ।

ਮਦਦ ਦੇ ਵੇਰਵਿਆਂ ਬਾਰੇ ਮੰਤਰੀ ਨੇ ਕਿਹਾ ਕਿ ਕਿਤਾਬਾਂ ਖਰੀਦਣ ਲਈ ਪਹਿਲੀ ਤੋਂ ਪੰਜਵੀਂ ਤਕ 25 ਰੁਪਏ ਸਾਲਾਨਾ, ਛੇਵੀਂ ਤੋਂ ਅੱਠਵੀਂ ਦੇ ਬੱਚਿਆਂ ਨੂੰ 50 ਰੁਪਏ ਅਤੇ 9ਵੀਂ ਤੋਂ 11ਵੀਂ ਤਕ ਪੜ੍ਹਦੇ ਬੱਚਿਆਂ ਨੂੰ 200 ਰੁਪਏ ਸਾਲਾਨਾ ਕਿਤਾਬਾਂ ਲਈ ਮਦਦ ਦਿਤੀ ਜਾਵੇਗੀ। ਬੀ. ਏ. ਦੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ 300 ਰੁਪਏ ਸਾਲਾਨਾ ਅਤੇ ਇਸ ਤੋਂ ਉਚੇਰੀ ਸਿਖਿਆ ਵਾਲੇ ਵਿਦਿਆਰਥੀਆਂ ਨੂੰ ਪੰਜ ਸੌ ਰੁਪਏ ਸਾਲਾਨਾ ਕਿਤਾਬਾਂ ਦੀ ਖਰੀਦ ਲਈ ਦਿੱਤੇ ਜਾਣਗੇ। ਇਹ ਸਹੂਲਤਾਂ ਉਨ੍ਹਾਂ ਸਾਰੇ ਫੌਜੀਆਂ ਦੇ ਬੱਚਿਆਂ ਨੂੰ ਮਿਲਣਗੀਆਂ ਜਿਨ੍ਹਾਂ ਨੇ ਰੋਸ ਵਜੋਂ ਬੈਰਕਾਂ ਛੱਡੀਆਂ ਅਤੇ ਮੁਕਾਬਲੇ ਵਿਚ ਮਾਰੇ ਗਏ ਜਾਂ ਸਜ਼ਾ ਭੁਗਤ ਰਹੇ ਹਨ।

## ਭਾਰਤ ਵਿਚ ਗੈਸ ਪਾਈਪ-ਲਾਈਨ ਬਣਨ ਦੇ ਚਰਚੇ

ਨਵੀਂ ਦਿੱਲੀ — ਭਾਰਤ 1720 ਕਿਲੋਮੀਟਰ ਲੰਮੀ ਨੈਚਰਲ ਗੈਸ ਪਾਈਪਲਾਈਨ ਦਾ ਠੇਕਾ 24 ਮਾਰਚ ਤੱਕ ਦੇ ਦੇਵੇਗਾ। ਲੋਕ ਸਭਾ ਵਿਚ ਇਹ ਐਲਾਨ ਕੀਤਾ ਗਿਆ ਕਿ ਇਸ ਪਾਈਪਲਾਈਨ ਉਤੇ ਦੋ ਬਿਲੀਅਨ ਡਾਲਰ ਖਰਚ ਆਵੇਗਾ।

ਇਸ ਪਾਈਪਲਾਈਨ ਨੂੰ ਬਨਾਉਣ ਲਈ ਚਾਰ ਕੰਪਨੀਆਂ ਨੇ ਟੈਂਡਰ ਦਿਤੇ ਹਨ ਜਿਨ੍ਹਾਂ ਵਿਚ ਇਕ ਕੈਨੇਡੀਅਨ ਕੰਪਨੀ ਵੀ ਸ਼ਾਮਲ ਹੈ।

ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਲੋਕ ਸਭਾ ਵਿਚ ਇਹ ਚਿੰਤਾ ਪ੍ਰਗਟ ਕੀਤੀ ਕਿ ਕੰਨਟਰੈਕਟ ਕਰਨ ਵਿਚ ਦੇਰੀ ਕਿਓਂ ਕੀਤੀ ਜਾ ਰਹੀ ਹੈ। ਇਹ ਦੋਸ਼ ਵੀ ਲਾਇਆ ਗਿਆ ਕਿ ਸਰਕਾਰ ਉਤੇ [illegible] ਪਾਇਆ ਜਾ ਰਿਹਾ ਹੈ।

ਇਹ ਪਾਈਪਲਾਈਨ ਬੰਬਈ ਤੋਂ ਸ਼ੁਰੂ ਹੋ ਕੇ ਉਤਰੀ ਹਿੱਸੇ ਤੱਕ ਜਾਵੇਗੀ।

## ਗੁਰਦਾਸਪੁਰ ਵਿਚ ਇਕ ਕਾਂਗਰਸੀ ਜ਼ਖਮੀ

ਗੁਰਦਾਸਪੁਰ — ਇਥੋਂ ਦਾ ਇਕ ਕਾਂਗਰਸੀ ਨੇਤਾ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਏ ਜਾਣ ਦੀ ਖਬਰ ਹੈ। ਪਤਾ ਲੱਗਾ ਹੈ ਕਿ ਦਹਿਸ਼ਤਪਸੰਦਾਂ ਨੇ ਉਸਦੇ ਘਰ ਜਾ ਕੇ ਉਸ ਉਤੇ ਗੋਲੀਆਂ ਨਾਲ ਹਮਲਾ ਕੀਤਾ।

## ਰਾਜੀਵ ਕਤਲ ਸਾਜ਼ਸ਼ ਕੇਸ ਨੀਊਯਾਰਕ ਵਿਚ ਸ਼ੁਰੂ

ਨੀਊਯਾਰਕ — ਰਾਜੀਵ ਕਤਲ ਸਾਜ਼ਸ਼ ਕੇਸ ਵਿਚ ਕਥਿਤ ਦੋਸ਼ੀ ਗੁਰਪ੍ਰਤਾਪ ਸਿੰਘ ਬਿਰਕ ਉਤੇ ਇਥੇ ਕੇਸ ਸ਼ੁਰੂ ਹੋ ਗਿਆ ਹੈ ਜਿਸ ਵਿਚ ਜਨਵਰੀ 26, 1985 ਨੂੰ ਟੇਪ ਰੀਕਾਰਡ ਕੀਤੀ ਵੀਡੀਓ ਵੀ ਪੇਸ਼ ਕੀਤੀ ਗਈ ਜਿਸ ਵਿਚ ਬਿਰਕ ਨੇ ਕਿਹਾ ਕਿ ਉਸ ਦੀ ਸਕੀਮ ਭਾਰਤ ਵਿਚ ਸਿਨਮੇ ਉਡਾਉਣੇ, ਪ੍ਰਮਾਣੂ ਪਲਾਂਟ ਖਤਮ ਕਰਨੇ ਅਤੇ ਭੂਪਾਲ ਵਰਗੇ ਮਾਰੂ ਹਮਲੇ ਕਰਨ ਦੀ ਸੀ।

ਗੁਰਪ੍ਰਤਾਪ ਸਿੰਘ ਬਿਰਕ ਉਤੇ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਮਸ਼ੀਨਗੰਨਾਂ ਅਤੇ ਬਾਰੂਦ ਇਕੱਠਾ ਕਰਕੇ ਭਾਰਤ ਵਿਚ ਜੰਗ ਛੇੜਨ ਦਾ ਪਰੋਗਰਾਮ ਬਣਾਇਆ।

[illegible] (ਐਫ. ਬੀ. ਆਈ.) ਨੇ ਉਸ ਸਮੇਂ ਤਿਆਰ ਕਰ ਲਈ ਜਦ ਬਿਰਕ ਇਹ ਸਕੀਮ ਬਣਾ ਰਿਹਾ ਸੀ।

ਰਾਜੀਵ ਗਾਂਧੀ ਨੂੰ ਮਾਰਨ ਲਈ ਜਿਸ ਆਦਮੀ ਨਾਲ ਗੱਲ ਕੀਤੀ ਉਹ ਖੁਫੀਆ ਵਿਭਾਗ ਦਾ ਆਦਮੀ ਹੀ ਸੀ।

ਕੇਸ ਅਜੇ ਜਾਰੀ ਹੈ।

## ਪਾਕਿਸਤਾਨ ਵਿਚ ਪੰਜ ਮਰੇ 31 ਜ਼ਖਮੀ

ਇਸਲਾਮਾਬਾਦ — ਪਾਕਿਸਤਾਨ ਵਿਚ ਪੋਸਤ ਉਗਾਉਣ ਵਾਲਿਆਂ ਅਤੇ ਪੁਲਸ ਵਿਚਕਾਰ ਟੱਕਰ ਹੋ ਜਾਣ ਨਾਲ ਪੰਜ ਵਿਅਕਤੀ ਮਾਰੇ ਗਏ ਹਨ ਅਤੇ 31 ਜ਼ਖਮੀ ਹੋ ਗਏ ਹਨ। ਪੋਸਤ ਦੀ ਫਸਲ ਨੂੰ ਰੋਕਣ ਲਈ ਪਾਕਿਸਤਾਨੀ ਅਧਿਕਾਰੀਆਂ ਨੇ ਮਨ੍ਹਾ ਕੀਤਾ ਤਾਂ ਪੋਸਤ ਉਗਾਉਣ ਵਾਲਿਆਂ ਨੇ ਮੁਕਾਬਲਾ ਕੀਤਾ। ਆਹਮੋਂ ਸਾਹਮਣੇ ਚੱਲੀ ਗੋਲੀ ਵਿਚ ਪੰਜ ਵਿਅਕਤੀ ਹਲਾਕ ਹੋ ਗਏ।

ਪਾਕਿਸਤਾਨ ਦੀ ਅਸੈਂਬਲੀ ਵਿਚ ਵੀਹ ਵਿਰੋਧੀ ਮੈਂਬਰ ਗੋਲੀ ਚਲਾਉਣ ਵਿਰੁੱਧ ਵਾਕ ਆਊਟ ਕਰ ਗਏ।


PURI INSURANCE AGENCIES

4543 Kingsway (Near Willingdon Ave.) Burnaby Ph. (604)430-5533

ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ

BEST RATES FOR HOME & COMMERCIAL INSURANCE — JANITORIAL BONDS AVAILABLE

MasterCard

ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ

VISA

AUTOPLAN 86 RENEWALS

ਆਪਣੀਆਂ ਟੇਪਾਂ ਤੇ ਕਲੰਡਰ ਲੈਣਾ ਨਾ ਭੁੱਲਣਾ



ਗੁਰਬੀਰ ਸਿੰਘ ਪੁਰੀ

**An Autoplan reminder—**
As a general rule, stereo equipment mounted in the dash or console of a vehicle, is covered by your Autoplan policy, but items mounted under the dash or elsewhere, require a Special Equipment Endorsement. Be sure all of your equipment is properly covered.



ਅਮਰਜੀਤ ਕੌਰ ਪੁਰੀ

# ਦੋ ਫੌਜੀ ਅਫਸਰ ਗੋਲੀ ਮਾਰ ਕੇ ਹਲਾਕ

ਗੁਰਦਾਸਪੁਰ — ਪਠਾਨਕੋਟ ਨੇੜੇ ਛਾਉਣੀ ਇਲਾਕੇ ਵਿਚ ਇਕ ਫੌਜੀ ਮੁਲਾਜ਼ਮ ਨੇ ਦੋ ਫੌਜੀ ਅਫਸਰਾਂ ਨੂੰ ਗੋਲੀ ਮਾਰ ਕੇ ਮਾਰ ਦਿਤਾ ਅਤੇ ਇਕ ਹੋਰ ਨੂੰ ਜ਼ਖਮੀ ਕਰ ਦਿਤਾ। ਦੱਸਿਆ ਜਾਂਦਾ ਹੈ ਕਿ ਬਿਹਾਰ ਦੇ ਨਾਇਕ ਰਵਿੰਦਰ ਸਿੰਘ ਨੇ ਇਨ੍ਹਾਂ ਫੌਜੀ ਅਫਸਰਾਂ ਦੇ ਘਰੀਂ ਜਾ ਕੇ ਗੋਲੀ ਚਲਾਈ। ਉਸ ਨੂੰ ਕਾਬੂ ਕਰਕੇ ਮਿਲਟਰੀ ਪੁਲੀਸ ਦੇ ਹਵਾਲੇ ਕੀਤਾ ਗਿਆ ਹੈ। ਪਠਾਨਕੋਟ ਦੇ ਫੌਜੀ ਸਟੇਸ਼ਨ ਕਮਾਂਡਰ ਨੇ ਜਾਂਚ ਦਾ ਹੁਕਮ ਦੇ ਦਿੱਤਾ ਹੈ। ਮਰਨ ਵਾਲੇ ਫੌਜ ਅਧਿਕਾਰੀਆਂ ਦੇ ਨਾਂ ਐਚ. ਐਸ. ਚੌਹਾਨ ਤੇ ਸੂਬੇਦਾਰ ਐਸ. ਵੀ. ਸਿੰਘ ਸਨ। ਦੋਵੇਂ ਪਠਾਨਕੋਟ ਸਥਿਤ ਇਕ ਏ. ਐਸ. ਸੀ. ਬਟਾਲੀਅਨ ਦੇ ਅਫਸਰ ਸਨ। ਜ਼ਖਮੀ ਅਫਸਰ ਦਾ ਨਾਮ ਮੇਜਰ ਅਮਰ ਨਾਥ ਹੈ। ਨਾਇਕ ਰਵਿੰਦਰ ਸਿੰਘ ਗਾਰਦ ਡਿਊਟੀ ਦਾ ਇੰਚਾਰਜ ਹੈ। ਜ਼ਖਮੀ ਮੇਜਰ ਨੂੰ ਹਸਪਤਾਲ ਵਿਚ ਭਰਤੀ ਕੀਤਾ ਗਿਆ ਹੈ।

# ਚੋਣ ਲਈ 23 ਨੂੰ ਮੀਟਿੰਗ

ਚੰਡੀਗੜ੍ਹ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਜਨਰਲ ਇਜਲਾਸ 23 ਮਾਰਚ ਨੂੰ ਅੰਮ੍ਰਿਤਸਰ ਵਿਚ ਬੁਲਾ ਲਿਆ ਹੈ ਜਿਸ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਥਾਂ ਕਮੇਟੀ ਦਾ ਨਵਾਂ ਪ੍ਰਧਾਨ ਚੁਣਿਆ ਜਾਵੇਗਾ। ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਸ. ਕਾਬਲ ਸਿੰਘ ਦੇ ਪ੍ਰਧਾਨ ਚੁਣੇ ਜਾਣ ਦੀ ਕਾਫੀ ਸੰਭਾਵਨਾ ਹੈ। ਸ਼ਰੋਮਣੀ ਅਕਾਲੀ ਦਲ ਦੇ ਸੂਤਰਾਂ ਅਨੁਸਾਰ ਪਾਰਟੀ ਇਹ ਚਾਹੁੰਦੀ ਹੈ ਕਿ ਇਸ ਮਹੱਤਵਪੂਰਨ ਅਹੁਦੇ ਲਈ ਛੇਤੀ ਹੀ ਨਿਯੁਕਤੀ ਕਰ ਲਈ ਜਾਵੇ। ਕਮੇਟੀ ਦੇ ਮੈਂਬਰਾਂ ਵਲੋਂ ਦਲ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨਾਲ ਸਲਾਹ ਮਸ਼ਵਰਾ ਕਰਕੇ ਹੀ ਇਜਲਾਸ ਵਿਚ ਫੈਸਲਾ ਲਿਆ ਜਾਵੇਗਾ।

23 ਮਾਰਚ ਨੂੰ ਕਮੇਟੀ ਦਾ ਅਗਲੇ ਸਾਲ ਦਾ ਬੱਜਟ ਵੀ ਪਾਸ ਕੀਤਾ ਜਾਵੇਗਾ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਅਸਤੀਫੇ ਨੂੰ ਲੈ ਕੇ ਪੈਦਾ ਹੋਈ ਸਥਿਤੀ ਕਾਰਨ ਪਿਛਲੇ ਦਿਨੀਂ ਕਮੇਟੀ ਦੀਆਂ ਸਰਗਰਮੀਆਂ ਵੀ ਘੱਟ ਗਈਆਂ ਸਨ। ਇਹ ਵੀ ਪਤਾ ਲੱਗਾ ਹੈ ਕਿ ਪਿਛਲੇ ਕਈ ਮਹੀਨਿਆਂ ਵਿਚ ਕਮੇਟੀ ਵਲੋਂ ਨਾ ਹੀ ਕੋਈ ਮਹੱਤਵਪੂਰਨ ਫੈਸਲਾ ਲਿਆ ਗਿਆ ਅਤੇ ਨਾ ਹੀ ਚਾਲੂ ਕੀਤੇ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਿਆ ਗਿਆ।

# ਰਾਜੀਵ ਸਟਾਕਹੋਮ ਜਾਣਗੇ

ਨਵੀਂ ਦਿੱਲੀ — ਸੰਭਾਵਨਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸਵੀਡਨ ਦੇ ਪ੍ਰਧਾਨ ਮੰਤਰੀ ਸ੍ਰੀ ਉਲੋਫ ਪਾਮੇ, ਜਿਨ੍ਹਾਂ ਦੀ ਸ਼ਨਿਚਰਵਾਰ ਨੂੰ ਹੱਤਿਆ ਕਰ ਦਿੱਤੀ ਗਈ ਸੀ, ਦੀਆਂ ਅੰਤਮ ਰਸਮਾਂ ਵਿਚ ਭਾਗ ਲੈਣ ਲਈ ਸਟਾਕਹੋਮ ਜਾਣਗੇ। ਭਰੋਸੇਯੋਗ ਸੂਤਰਾਂ ਅਨੁਸਾਰ ਸ੍ਰੀ ਗਾਂਧੀ ਤੇ ਸ੍ਰੀ ਪਾਮੇ ਵਿਸ਼ਵ ਸ਼ਾਂਤੀ ਤੇ ਨਿਸ਼ਸ਼ਤਰੀਕਰਨ ਦੇ ਹੱਕ ਵਿਚ ਕਈ ਕੌਮਾਂਤਰੀ ਫੋਰਮਾਂ ਉਤੇ ਰਲ ਕੇ ਕੰਮ ਕਰਨ ਦੌਰਾਨ ਇਹ ਇਕ ਦੂਜੇ ਦੇ ਮਿੱਤਰ ਬਣੇ।

# ਇੰਦਰਾ ਕਤਲ ਟਲ ਸਕਦਾ ਸੀ

ਨਵੀਂ ਦਿੱਲੀ — ਜੇ ਇੰਟੈਲੀਜੈਂਸ ਬਿਊਰੋ, ਦਿੱਲੀ ਪੁਲੀਸ ਤੇ ਨੰਬਰ 1 ਦਫਦਰ ਜੰਗ ਰੋਡ ਵਿਚਲੇ ਉਚ ਸਰਕਾਰੀ ਅਧਿਕਾਰੀ, ਜਿਨ੍ਹਾਂ ਦਾ ਹੁਕਮ ਚਲਦਾ ਸੀ, "ਬਲਿਊ ਬੁੱਕ" f ਵਚਲੇ ਨਿਰਦੇਸ਼ਾਂ ਪ੍ਰਤੀ ਲਾਪਰਵਾਹੀ ਨਾ ਵਰਤਦੇ ਤੇ ਸਿੱਖ ਸੁਰੱਖਿਆ ਗਾਰਡਾਂ ਨੂੰ ਮੁੜ ਡਿਊਟੀ ਉਤੇ ਲਾਉਣ ਦਾ ਵਿਰੋਧ ਕਰਦੇ ਤਾਂ 31 ਅਕਤੂਬਰ, 1984 ਨੂੰ ਸਵਰਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਜਾਨ ਬਚ ਸਕਦੀ ਸੀ। ਅਸਲ ਵਿਚ ਸੁਰੱਖਿਆ ਅਧਿਕਾਰੀ ਤੇ ਦੂਜੇ ਅਫਸਰਾਂ ਦੇ ਮਨ ਵਿਚ ਸ੍ਰੀਮਤੀ ਗਾਂਧੀ ਦੀ ਜਾਨ ਨੂੰ 'ਬਾਹਰੋਂ ਖਤਰੇ" ਦਾ ਇਨਾ ਭੈਅ ਵਸਿਆ ਹੋਇਆ ਸੀ ਕਿ ਉਨ੍ਹਾਂ ਨੇ "ਨੇੜਲੇ ਵਿਅਕਤੀਆਂ ਤੋਂ ਸੰਭਾਵਿਤ ਖਤਰਾ ਦੂਰ ਕਰਨ ਲਈ ਮੁਢਲੇ ਨਿਯਮਾਂ ਉਤੇ ਅਮਲ ਕਰਨ ਦੀ ਵੀ ਪ੍ਰਵਾਹ ਨਹੀਂ ਕੀਤੀ। ਸ੍ਰੀਮਤੀ ਗਾਂਧੀ ਦੀ ਸੁਰੱਖਿਆ ਲਈ ਜ਼ਿੰਮੇਵਾਰ ਵਿਅਕਤੀਆਂ ਨੇ ਇਸ ਦੌਰਾਨ 29 ਛੋਟੀਆਂ ਵੱਡੀਆਂ ਗਲਤੀਆਂ ਕੀਤੀਆਂ।

ਭਰੋਸੇਯੋਗ ਸੂਤਰਾਂ ਅਨੁਸਾਰ ਇਹ ਨਿਚੋੜ ਜਸਟਿਸ ਐਮ. ਪੀ. ਠੱਕਰ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਨੂੰ ਪੇਸ਼ ਕੀਤੀ ਆਪਣੀ 550 ਸਫਿਆਂ ਦੀ ਰਿਪੋਰਟ ਵਿਚ ਪੇਸ਼ ਕੀਤਾ ਹੈ। ਸਿਖ ਸੁਰੱਖਿਆ ਗਾਰਡਾਂ (ਜਿੰਨ੍ਹਾਂ 'ਚੋਂ 9 ਚਿਟ ਕੱਪੜੀਏ ਤੇ 20 ਬਾਵਰਦੀ ਸਨ), ਜਿਨ੍ਹਾਂ ਨੂੰ ਅਪਰੇਸ਼ਨ ਬਲਿਊ ਸਟਾਰ ਬਾਅਦ 9 ਜੂਨ, 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਕੋਠੀ ਤੋਂ ਹਟਾ ਦਿਤਾ ਗਿਆ ਸੀ, ਨੂੰ 9 ਦਿਨ ਬਾਅਦ ਮੁੜ ਪਹਿਲੀ ਥਾਂ ਉਤੇ ਲਾ ਦਿਤਾ ਗਿਆ। ਕਿਹਾ ਜਾਂਦਾ ਹੈ ਕਿ ਅਜਿਹਾ ਸ੍ਰੀਮਤੀ ਗਾਂਧੀ ਦੇ ਕਹਿਣ ਉਤੇ ਹੀ ਕੀਤਾ ਗਿਆ। ਪਰ ਇਸ ਸੰਬੰਧੀ ਬਾਕਾਇਦਾ ਆਦੇਸ਼ ਸ੍ਰੀਮਤੀ ਗਾਂਧੀ ਦੇ ਵਿਸ਼ੇਸ਼ ਸਹਾਇਕ ਸ੍ਰੀ ਆਰ. ਕੇ. ਧਵਨ ਨੇ 19 ਜੂਨ ਨੂੰ ਬਾਅਦ ਦੁਪਹਿਰ 3 ਵਜੇ ਦਿੱਤੇ। ਸ੍ਰੀ ਧਵਨ ਨੇ ਡਿਪਟੀ ਕਮਿਸ਼ਨਰ ਪੁਲੀਸ ਸੁਰੱਖਿਆ (ਪ੍ਰਧਾਨ ਮੰਤਰੀ) ਸ੍ਰੀ ਗੋਪੀ ਰਾਮ ਗੁਪਤਾ ਨੂੰ ਕਿਹਾ, "ਮੈਡਮ ਸਿਖ ਗਾਰਡਾਂ ਨੂੰ ਹਟਾਏ ਜਾਣ ਉਤੇ ਸਖਤ ਨਾਰਾਜ ਹਨ ਤੇ ਉਨ੍ਹਾਂ ਨੂੰ ਤੁਰੰਤ ਵਾਪਸ ਇਥੇ ਲਿਆਂਦਾ ਜਾਵੇ।

ਭਾਵੇਂ ਇਨ੍ਹਾਂ ਆਦੇਸ਼ਾਂ ਦੀ ਸ਼ਬਦਾਬਲੀ ਸਬੰਧੀ ਸ੍ਰੀ ਧਵਨ ਤੇ ਸ੍ਰੀ ਗੁਪਤਾ ਦੇ ਬਿਆਨਾਂ ਵਿਚ ਕਾਫੀ ਮਤਭੇਦ ਹੈ ਪਰ ਸਮਝਿਆ ਜਾਂਦਾ ਹੈ ਕਿ ਕਮਿਸ਼ਨ ਨੇ ਇਸ ਗੱਲ ਉਤੇ ਗਹਿਰਾ ਸ਼ੋਕ ਪ੍ਰਗਟ ਕੀਤਾ ਕਿ ਕਿਸੇ ਵੀ ਪੱਧਰ ਉਤੇ ਇਨ੍ਹਾਂ ਆਦੇਸ਼ਾਂ ਦਾ ਵਿਰੋਧ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਥੋਂ ਤਕ ਕਿ ਸੀਨੀਅਰ ਅਫਸਰਾਂ, ਜਿਨ੍ਹਾਂ ਨੂੰ ਇਸ ਸਬੰਧੀ ਪੂਰੀ ਜਾਣਕਾਰੀ ਸੀ ਤੇ ਜੋ ਸ੍ਰੀਮਤੀ ਗਾਂਧੀ ਨਾਲ ਸੌਖਿਆਂ ਹੀ ਗੱਲ ਕਰ ਸਕਦੇ ਸਨ, ਨੇ ਇਸ ਸਬੰਧੀ "ਅਮਲੀ ਤੌਰ ਉਤੇ ਕੁਝ ਵੀ ਨਾ ਕੀਤਾ। ਉਨ੍ਹਾਂ ਨੇ ਢਿਲ ਵਿਖਾਈ ਜਿਸ ਦਾ ਸਿੱਟਾ ਸ੍ਰੀਮਤੀ ਗਾਂਧੀ ਦੇ ਕਤਲ ਵਿਚ ਨਿਕਲਿਆ।

ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਦੀ ਕੋਠੀ ਵਿਖੇ ਸਿਖ ਸੁਰੱਖਿਆ ਗਾਰਡਾਂ ਨੂੰ ਮੁੜ ਤਾਇਨਾਤ ਕੀਤੇ ਜਾਣ ਦਾ ਮਾਮਲਾ ਕੇਂਦਰੀ ਕੈਬਨਿਟ ਦੀ ਸਾਂਝੀ ਇੰਟੈਲੀਜੈਂਸ ਕਮੇਟੀ ਦੀ ਮੀਟਿੰਗ ਸਮੇਂ ਵਿਸਥਾਰ ਵਿਚ ਵਿਚਾਰਿਆ ਗਿਆ ਸੀ। ਇਹ ਮੀਟਿੰਗ ਉਸ ਵੇਲੇ ਦੇ ਕੈਬਨਿਟ ਸਕੱਤਰ ਸ੍ਰੀ ਸੀ. ਆਰ. ਕ੍ਰਿਸ਼ਨਾ ਸੁਆਮੀ ਰਾਓ ਸਾਹਿਬ ਦੇ ਦ ਫਤਰ ਵਿਚ 22 ਜੂਨ, 1984 ਨੂੰ ਹੋਈ ਸੀ। ਦੱਸਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਡਾ. ਪੀ. ਸੀ. ਅਲੈਗਜ਼ੈਂਡਰ ਕੇਂਦਰ ਗ੍ਰਹਿ ਮੰਤਰੀ ਸ੍ਰੀ ਐਮ. ਐਮ. ਕੇ. ਵਲੀ, ਕੈਬਨਿਟ ਸਕੱਤਰੇਤ ਵਿਚ ਸੁਰੱਖਿਆ ਦੇ ਸੀਨੀਅਰ ਸਲਾਹਕਾਰ ਸ੍ਰੀ ਆਰ. ਐਨ. ਰਾਓ ਤੇ ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਸ੍ਰੀ ਆਰ ਕੇ ਕਪੂਰ ਇਸ ਮੀਟਿੰਗ ਵਿਚ ਸ਼ਾਮਲ ਸਨ। ਦਿੱਲੀ ਦੇ ਪੁਲੀਸ ਕਮਿਸ਼ਨਰ ਸ੍ਰੀ ਸੁਭਾਸ਼ ਟੰਡਨ ਨੂੰ ਵੀ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਬੁਲਾਇਆ ਗਿਆ ਸੀ ਕਿਉਂਕਿ ਮੀਟਿੰਗ ਦੇ ਏਜੰਡੇ ਦੀ ਮੁੱਖ ਆਈਟਮ "ਪ੍ਰਧਾਨ ਮੰਤਰੀ ਦੀ ਸੁਰੱਖਿਆ" ਦੀ ਸੀ। ਦਿੱਲੀ ਪੁਲੀਸ ਦੇ ਮੁਖੀ ਨੇ ਮੀਟਿੰਗ 'ਚ ਕਿਹਾ ਕਿ ਉਸ ਦੇ ਡਿਪਟੀ ਕਮਿਸ਼ਨਰ ਪੁਲੀਸ (ਸੁਰੱਖਿਆ) ਨੂੰ ਆਦੇਸ਼ ਦਿਤੇ ਗਏ ਹਨ ਕਿ ਸਿੱਖ ਗਾਰਡਾਂ ਨੂੰ ਮੁੜ ਪ੍ਰਧਾਨ ਮੰਤਰੀ ਦੀ ਕੋਠੀ ਉਤੇ ਲਾਇਆ ਜਾਵੇ ਤੇ ਨਿਯਮਾਂ ਅਨੁਸਾਰ ਉਨ੍ਹਾਂ ਨੇ ਇਹ ਮਾਮਲਾ ਡਾਇਰੈਕਟਰ ਇੰਟੈਲੀਜੈਂਸ ਬਿਊਰੋ ਤੇ ਗ੍ਰਹਿ ਸਕੱਤਰ ਦੇ ਧਿਆਨ ਵਿਚ ਲਿਆਂਦਾ ਹੈ। ਉਸ ਨੇ ਇਸ ਸਬੰਧੀ ਅਗੋਂ ਆਦੇਸ਼ ਮੰਗੇ ਹਨ। ਪਰ ਕਈ ਘੰਟੇ ਚੱਲੀ ਇਹ ਮੀਟਿੰਗ ਇਸ ਫੈਸਲੇ ਉਤੇ ਨਾ ਪੁੱਜ ਸਕੀ ਤੇ ਸਿਰਫ ਇਹੋ ਕਿਹਾ ਗਿਆ ਕਿ ਪੁਲੀਸ ਕਮਿਸ਼ਨਰ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਢੁਕਵੇਂ ਪ੍ਰਬੰਧ ਕਰੇ।

ਇਸ ਤੋਂ ਬਾਅਦ ਕਿਸੇ ਵੀ ਪੱਧਰ ਉਤੇ ਢੁਕਵੇਂ ਪ੍ਰਬੰਧ ਨਾ ਕੀਤੇ ਗਏ ਤੇ ਸੁਰੱਖਿਆ ਪ੍ਰ ਬੰਧ ਉਹੋ ਰਹੇ ਜੋ 10 ਜੂਨ ਤੋਂ ਪਹਿਲਾਂ ਸਨ। ਪਰ ਇਹ ਫੈਸਲਾ ਕੀਤਾ ਗਿਆ ਕਿ ਦਿੱਲੀ ਹਥਿਆਰਬੰਦ ਪੁਲੀਸ ਦੇ 20 ਬਾਵਰਦੀ ਸੁਰੱਖਿਆ ਗਾਰਡਾਂ ਨੂੰ ਹੌਲੀ ਹੌਲੀ ਉਥੋਂ ਹਟਾਉਣ ਦਾ ਫੈਸਲਾ ਕੀਤਾ ਗਿਆ। ਇਹ ਫੈਸਲਾ ਵੀ ਕੀਤਾ ਗਿਆ ਕਿ ਨਾਜਕ ਥਾਵਾਂ ਜਿਵੇਂ ਕਿ ਟੀ. ਐਮ. ਸੀ. ਗੇਟ ਜਿਥੇ ਕਿ ਸ੍ਰੀਮਤੀ ਗਾਂਧੀ ਨੂੰ ਗੋਲੀ ਮਾਰ ਕੇ ਮਾਰਿਆ ਗਿਆ, ਉਤੇ ਦੋ ਸਿੱਖ ਗਾਰਡਾਂ ਨੂੰ ਕਦੇ ਵੀ ਇਕੱਠਿਆ ਡਿਊਟੀ ਉਤੇ ਨਾ ਲਾਇਆ ਜਾਵੇ।

ਇਸੇ ਲਈ 30 ਜੂਨ ਨੂੰ ਦਿੱਲੀ ਹਥਿਆਰਬੰਦ ਪੁਲੀਸ ਦੇ ਗਾਰਡਾਂ ਦੀ ਗਿਣਤੀ ਘਟਾ ਕੇ 5 ਕਰ ਦਿਤੀ ਗਈ ਜਿਨ੍ਹਾਂ ਚੋਂ ਇਕ ਸਤਵੰਤ ਸਿੰਘ ਸੀ। ਪਰ ਤੀਨ ਮੂਰਤੀ ਵਿਖੇ ਦਿੱਲੀ ਪੁਲੀਸ ਦੇ ਡਿਊਟੀ ਅਫਸਰ ਸ੍ਰੀ ਸ਼ਾਮ ਸੁੰਦਰ ਚਤੁਰਵੇਦੀ ਨੇ ਬਿਨਾਂ ਚੌਕਸੀ ਵਰਤਦਿਆਂ ਬੇਅੰਤ ਸਿੰਘ ਦੀ ਡਿਊਟੀ ਸ਼ਿਫਟ ਬਦਲ ਦਿਤੀ ਤੇ 31 ਅਕਤੂਬਰ ਵਾਲੇ ਦਿਨ ਉਸ ਨੂੰ ਸਵੇਰੇ ਦੀ ਸ਼ਿਫਟ ਵਿਚ ਟੀ. ਐਮ. ਸੀ. ਗੇਟ ਉਤੇ ਲਾ ਦਿਤਾ।

ਦਿੱਲੀ ਦੀ ਹਥਿਆਰਬੰਦ ਪੁਲੀਸ ਦਾ ਹੌਲਦਾਰ ਕਾਸ਼ੀ ਰਾਮ ਵੀ ਇਸ ਸਾਜ਼ਿਸ਼ ਦੀ ਮਾਰ ਹੇਠਾਂ ਆ ਗਿਆ ਤੇ ਉਸ ਨੇ ਸਤਵੰਤ ਸਿੰਘ ਦੀ ਡਿਊਟੀ ਵੀ ਉਸੇ ਥਾਂ ਲਾਉਣ ਦੀ ਇਜਾਜ਼ਤ ਦੇ ਦਿੱਤੀ। ਇਹ ਕੁਝ ਨਿਯਮਾਂ ਦੀ ਉਲੰਘਣਾ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਏ. ਸੀ. ਪੀ. ਐਸ. ਰੈਂਕ ਦੇ ਦੋ ਸੁਪਰਵਾਈਜ਼ਰਾਂ ਨੇ ਵੀ ਸਵੇਰੇ ਦੀ ਸ਼ਿਫਟ ਵੇਲੇ ਇਹ ਨਹੀਂ ਧਿਆਨ ਦਿਤਾ ਕਿ ਦੋ ਸਿੱਖ ਇਕੋ ਥਾਂ ਕਿਵੇਂ ਡਿਊਟੀ ਦੇ ਰਹੇ ਹਨ।

ਕਮਿਸ਼ਨ ਨੇ ਸਭ ਤੋਂ ਵੱਧ ਇਸ ਗੱਲ ਉਤੇ ਕਿੰਤੂ ਉਠਾਇਆ ਹੈ ਕਿ ਪਹਿਲਾਂ ਸਿੱਖ ਗਾਰਡਾਂ ਨੂੰ ਹਟਾਉਣ ਦਾ ਫੈਸਲਾ ਕਿਉਂ ਲਿਆ ਗਿਆ ਤੇ ਫਿਰ ਸੁਰੱਖਿਆ ਤੇ ਦੂਜੇ ਅਧਿਕਾਰੀਆਂ ਨੇ ਇਹ ਫੈਸਲਾ ਕਿਉਂ ਬਦਲਿਆ।

# ਕੇਂਦਰ ਉਤੇ ਪੰਜਾਬ ਸਮਝੌਤਾ ਲਾਗੂ ਨਾ ਕਰਨ ਦਾ ਦੋਸ਼

ਚੰਡੀਗੜ੍ਹ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ ਹਰਵਿੰਦਰ ਸਿੰਘ ਖਾਲਸਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਇਹ ਬਿਆਨ ਗੁੰਮਰਾਹਕੁਨ ਹੈ ਕਿ ਪੰਜਾਬੀਆਂ ਨੇ ਅਕਾਲੀ ਪਾਰਟੀ ਨੂੰ ਵੋਟਾਂ ਅਤਿਵਾਦੀਆਂ ਦਾ ਟਾਕਰਾ ਕਰਨ ਲਈ ਪਾਈਆਂ ਸਨ। ਸ੍ਰੀ ਖਾਲਸਾ ਨੇ ਕਿਹਾ ਕਿ ਹਕੀਕਤ ਵਿਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਅਕਾਲੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਅਤੇ ਬੈਰਕਾਂ ਛੱਡਣ ਵਾਲੇ ਸਿੱਖ ਸੈਨਿਕਾਂ ਦੀ ਰਿਹਾਈ ਅਤੇ ਦੰਗਾਪੀੜਤਾਂ ਦੇ ਮੁੜ ਵਸੇਬੇ ਲਈ ਰਾਜ ਵਿਚ ਅਕਾਲੀ ਸਰਕਾਰ ਬਣਾਉਣ ਦੇ ਉਦੇਸ਼ ਨਾਲ ਪਾਈਆਂ ਸਨ। ਸ੍ਰੀ ਖਾਲਸਾ ਨੇ ਕਿਹਾ ਕਿ ਕੇਂਦਰ ਲੰਗੜੇ ਪੰਜਾਬ ਸਮਝੌਤੇ ਨੂੰ ਵੀ ਲਾਗੂ ਕਰਨ ਵਿਚ ਨਾਕਾਮ ਰਿਹਾ ਹੈ। ਇਸ ਕਾਰਨ ਲੋਕਾਂ ਵਿਚ ਕੇਂਦਰ ਵਿਰੁੱਧ ਰੋਸ ਵਧਣ ਦੇ ਨਾਲ ਨਾਲ ਅਤਿਵਾਦੀ ਕਾਰਵਾਈਆਂ ਵੀ ਵਧ ਰਹੀਆਂ ਹਨ।

ਸ੍ਰੀ ਖਾਲਸਾ ਨੇ ਇਸ ਗੱਲ ਉਤੇ ਹੈਰਾਨੀ ਪ੍ਰਗਟ ਕੀਤੀ ਕਿ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਅਤੇ ਸੈਨਿਕਾਂ ਨੂੰ ਅਜੇ ਤੱਕ ਛੱਡਿਆ ਨਹੀਂ ਗਿਆ ਸਗੋਂ ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ। 1984 ਵਿਚ ਬੇਘਰੇ ਹੋਏ ਲੋਕ ਵੀ ਰੁਲ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 1947 ਵਿਚ ਵੀ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਸੀ ਅਤੇ ਹੁਣ ਨੌਜਵਾਨ ਉਸ ਦੇ ਲਾਰਿਆਂ ਵਿਚ ਆਉਣ ਵਾਲੇ ਨਹੀਂ ਹਨ। ਪੰਜਾਬ ਦੇ ਮਾਹੌਲ ਨੂੰ ਸ਼ਾਂਤ ਕਰਨ ਲਈ ਸਿੱਖ ਨੌਜਵਾਨਾਂ ਅਤੇ ਸੈਨਿਕਾਂ ਦੀ ਰਿਹਾਈ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਨਾ ਜ਼ਰੂਰੀ ਹੈ।

# ਬੈਂਸ ਚੇਅਰਮੈਨ ਨਾਮਜ਼ਦ

ਚੰਡੀਗੜ੍ਹ — ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਸ੍ਰੀ ਅਜੀਤ ਸਿੰਘ ਬੈਂਸ ਨੂੰ ਨਵ-ਸਥਾਪਤ ਪੰਜਾਬ ਸਿਟੀਜ਼ਨਜ਼ ਫੋਰਮ ਫਾਰ ਡੈਮੋਕਰੇਸੀ (ਪੀ. ਸੀ. ਐਫ. ਡੀ.) ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ ਹੈ। ਇਹ ਜਥੇਬੰਦੀ ਪੰਜਾਬ ਦੇ ਬੁੱਧੀਜੀਵੀਆਂ ਨੇ ਹਾਲ ਹੀ ਵਿਚ ਲੁਧਿਆਣਾ ਵਿਚ ਹੋਈ ਇਕ ਮੀਟਿੰਗ ਵਿਚ ਕਾਇਮ ਕੀਤੀ। ਇਸ ਦੀ ਤਾਲਮੇਲ ਕਮੇਟੀ ਵਿਚ ਸ੍ਰੀ ਗੁਰਚਰਨ ਸਿੰਘ ਗਰੇਵਾਲ, ਸ੍ਰੀ ਦੇਵ ਰਾਜ ਸ਼ਰਮਾ, ਕਰਨਲ (ਰਿਟਾ.) ਚਮਨ ਸਿੰਘ ਢਿੱਲੋਂ, ਕਰਨਲ ਗੁਰਦਿਆਲ ਸਿੰਘ, ਸ੍ਰੀ ਡੀ. ਐਸ. ਗਿੱਲ, ਸ੍ਰੀ ਗੁਰਦੇਵ ਸਿੰਘ ਤੇ ਸ੍ਰੀ ਹਰਭਾਗ ਸਿੰਘ ਗਿੱਲ ਸ਼ਾਮਲ ਹੋਣਗੇ।

# ਡਾ. ਗੋਪਾਲ ਸਿੰਘ ਨੂੰ ਜਾਦੂਨਾਥ ਸਰਕਾਰ ਗੋਲਡ ਮੈਡਲ

ਨਵੀਂ ਦਿੱਲੀ — ਗੋਆ ਦੇ ਲੈਫਟੀਨੈਂਟ ਗਵਰਨਰ ਡਾ. ਗੋਪਾਲ ਸਿੰਘ ਨੂੰ ਏਸ਼ੀਏਟਿਕ ਸੁਸਾਇਟੀ ਕਲਕੱਤਾ ਵਲੋਂ ਉਨ੍ਹਾਂ ਦੀ ਸਾਹਿਤਕ ਤੇ ਇਤਿਹਾਸਕ ਦੇਣ ਨੂੰ ਮਾਨਤਾ ਦਿੰਦਿਆਂ ਸਾਲ 1985 ਲਈ ਸਰ ਜਾਦੂਨਾਥ ਸਰਕਾਰ ਗੋਲਡ ਮੈਡਲ ਦਿਤਾ ਗਿਆ। ਡਾ. ਗੋਪਾਲ ਸਿੰਘ ਨੂੰ ਇਹ ਮੈਡਲ ਪੱਛਮੀ ਬੰਗਾਲ ਦੇ ਰਾਜਪਾਲ, ਜੋ ਇਸ ਸੁਸਾਇਟੀ ਦੇ ਸਰਪ੍ਰਸਤ ਹਨ, ਮਈ ਵਿਚ ਦੇਣਗੇ। ਡਾ. ਗੋਪਾਲ ਸਿੰਘ ਇਕ ਚੰਗੇ ਜਾਣੇ-ਮਾਣੇ ਲੇਖਕ, ਕਵੀ ਤੇ ਇਤਿਹਾਸਕਾਰ ਹਨ।

# ਵੱਖ ਵੱਖ ਜਥੇਬੰਦੀਆਂ ਨੇ ਰੰਧਾਵਾ ਦੀ ਮੌਤ ਉਤੇ ਦੁੱਖ ਪ੍ਰਗਟਾਇਆ

ਚੰਡੀਗੜ੍ਹ — ਪੰਜਾਬ ਲਲਿਤ ਕਲਾ ਅਕੈਡਮੀ ਦੇ ਮੈਂਬਰਾਂ ਨੇ ਸ਼ੋਕ ਮੀਟਿੰਗ ਕੀਤੀ ਅਤੇ ਡਾ. ਰੰਧਾਂਵਾ ਦੀ ਮੌਤ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸੰਤ ਸਿੰਘ ਸੇਖੋਂ ਨੇ ਡਾ. ਰੰਧਾਵਾ ਦੀ ਮੌਤ ਨਾਲ ਪਏ ਘਾਟੇ ਨੂੰ ਨਾ ਪੂਰਾ ਹੋਣ ਵਾਲਾ ਦੱਸਿਆ।

ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਤੇ ਸਟਾਫ, ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਦੇ ਸ਼ਡਿਊਲਡ ਕਾਸਟ ਵੈਲਫੇਅਰ ਫੰਡ ਦੇ ਆਗੂਆਂ, ਪੰਜਾਬ ਪ੍ਰਦੇਸ਼ ਭਾਰਤ ਯੁਵਕ ਸਮਾਜ ਦੇ ਪ੍ਰਧਾਨ ਹਰਅਮਰ ਅਜੀਤ ਸਿੰਘ, ਚੰਡੀਗੜ੍ਹ ਕਮਿਊਨਿਸਟ ਪਾਰਟੀ ਦੇ ਸਕੱਤਰ ਐਚ ਐਸ ਗੰਭੀਰ ਨੇ ਵੱਖੋ ਵੱਖਰੇ ਸ਼ੋਕ ਮਤਿਆਂ ਵਿਚ ਡਾ. ਰੰਧਾਵਾ ਦੀ ਮੌਤ ਉਤੇ ਦੁੱਖ ਪ੍ਰਗਟਾਇਆ ਹਰਿਆਣਾ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਬਰਿੰਦਰ ਸਿੰਘ ਨੇ ਸ਼ੋਕ ਸੁਨੇਹੇ ਵਿਚ ਕਿਹਾ ਕਿ ਚੰਗਾ ਪ੍ਰਸ਼ਾਸਕ ਸਾਥੋਂ ਖੁਸ ਗਿਆ ਹੈ। ਰਘਬੀਰ ਸਿੰਘ, ਪੰਜਾਬੀ ਯੂਨੀਵਰਸਿਟੀ ਪ ਟਿਆਲਾ ਦੇ ਉਪ ਕੁਲਪਤੀ ਡਾ. ਐਸ ਐਸ ਜੌਹਲ, ਪੰਜਾਬ ਸੰਗੀਤ ਨਾਟਕ ਅਕਾਡਮੀ ਦੇ ਪ੍ਰਧਾਨ ਡਾ. ਹਰਚਰਨ ਸਿੰਘ ਅਤੇ ਸਾਹਿਤਕਾਰ ਸਦਨ (ਲੁਧਿਆਣਾ) ਦੇ ਪ੍ਰਧਾਨ ਪ੍ਰਿੰਸੀਪਲ ਸੁਰਜੀਤ ਸਿੰਘ ਭਾਟੀਆ ਨੇ ਡਾ. ਰੰਧਾਵਾ ਦੀ ਮੌਤ ਉਤੇ ਦੁੱਖ ਪ੍ਰਗਟਾਇਆ।

THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE
Call
NIRMAL (NEIL) DHALIWAL
Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.

## ਸਾਂਝੀ ਕੰਧ ਤੋਂ ਕਤਲ

ਬਾਬਾ ਬਕਾਲਾ, (ਪੱਤਰ ਪ੍ਰੇਰਕ) – ਇਥੋਂ 20 ਕਿਲੋਮੀਟਰ ਦੂਰ ਪਿੰਡ ਤਰਸਿੱਕਾ ਵਿਚ. ਮਕਾਨ ਦੀ ਉਸਾਰੀ ਰੋਕਣ 'ਤੇ ਹਜ਼ਾਰਾ ਸਿੰਘ ਨਾਮੀ ਵਿਅਕਤੀ ਨੂੰ ਕਤਲ ਕਰ ਦਿੱਤਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਪਿਆਰਾ ਸਿੰਘ ਤੇ ਹਜ਼ਾਰਾ ਸਿੰਘ ਸ਼ਕੇ ਭਰਾ ਸਨ। ਪਿਆਰਾ ਸਿੰਘ ਸਾਂਝੀ ਕੰਧ ਉਪਰ ਝਰਨੇ ਲਾਉਣ ਲਈ ਬਜ਼ਿਦ ਸੀ ਜਿਸ ਨੂੰ ਮ੍ਰਿਤਕ ਨੇ ਰੋਕਿਆ। ਇਸ 'ਤੇ ਗੁੱਸੇ ਵਿਚ ਆ ਕੇ ਪਿਆਰਾ ਸਿੰਘ ਦੇ ਲੜਕੇ ਸੁਰਿੰਦਰ ਸਿੰਘ ਨੇ ਹਜ਼ਾਰਾ ਸਿੰਘ ਦੇ ਸਿਰ ਵਿਚ ਇੱਟ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਪੁਲੀਸ ਨੇ ਪਿਆਰਾ ਸਿੰਘ ਦੇ ਤਿੰਨ ਲੜਕਿਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ, ਜਿਨ੍ਹਾਂ ਵਿਚ ਸੁਰਿੰਦਰ ਸਿੰਘ, ਭੁਪਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਸ਼ਾਮਲ ਹਨ।

# ਫੈਡਰੇਸ਼ਨ ਹਿੰਸਕ ਵਾਰਦਾਤਾਂ ਦੀ ਅਦਾਲਤੀ ਜਾਂਚ ਦੇ ਹੱਕ ਵਿਚ

ਫਗਵਾੜਾ — ਰਾਜ ਵਿਚ ਹਾਲ ਵਿਚ ਹੀ ਹੋਏ ਕਤਲਾਂ ਪਿੱਛੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਹੱਥ ਹੋਣ ਦੇ ਦੋਸ਼ ਉਤੇ ਸਖਤ ਪ੍ਰਤੀਕਰਮ ਕਰਦਿਆਂ ਫੈਡਰੇਸ਼ਨ ਦੇ ਕਨਵੀਨਰ ਸ. ਹਰਿੰਦਰ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਜੇ ਇਨ੍ਹਾਂ ਕਤਲਾਂ ਦੀ ਅਦਾਲਤੀ ਜਾਂਚ ਕਰਵਾਈ ਜਾਵੇ ਤਾਂ ਇਨ੍ਹਾਂ ਪਿੱਛੇ ਅਕਾਲੀ ਵਿਧਾਇਕ, ਮੰਤਰੀਆਂ ਅਤੇ ਉਨ੍ਹਾਂ ਦੇ ਪੁੱਤਰਾਂ ਤੇ ਰਿਸ਼ਤੇਦਾਰਾਂ ਦੀ ਸਾਜ਼ਿਸ਼ ਨੰਗੀ ਹੋਵੇਗੀ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਲੰਧਰ ਜ਼ਿਲੇ ਵਿਚ ਨਕੋਦਰ ਵਿਖੇ ਹੋਈਆਂ ਘਟਨਾਵਾਂ ਇਸ ਗੱਲ ਦਾ ਸਬੂਤ ਹਨ। ਇਹ ਪੁੱਛੇ ਜਾਣ ਉਤੇ ਕਿ ਕੀ ਫੈਡਰੇਸ਼ਨ ਖਾਲਿਸਤਾਨ ਕਾਇਮ ਕਰਨ ਲਈ ਲੜ ਰਹੀ ਹੈ, ਸ. ਕਾਹਲੋਂ ਨੇ ਕਿਹਾ, "ਅਸੀਂ ਆਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਾਉਣ, ਨਜ਼ਰਬੰਦ ਸਿੱਖਾਂ ਦੀ ਰਿਹਾਈ, ਭਗੌੜੇ ਸਿਖ ਫੌਜੀਆਂ ਦੀ ਬਹਾਲੀ ਤੇ ਮੁੜ ਵਸੇਬੇ ਅਤੇ ਪੰਜਾਬ ਨੂੰ ਵੱਧ ਪਾਣੀ ਦੇਣ ਲਈ ਲੜ ਰਹੇ ਹਾਂ।"

ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਤਣਾਅ ਬਣਿਆ ਹੋਇਆ ਹੈ ਤੇ ਉਥੇ ਅਤਿ ਆਧੁਨਿਕ ਹਥਿਆਰ ਜਮ੍ਹਾਂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ, "ਕੋਈ ਵਿਅਕਤੀ ਕਿਸੇ ਵੀ ਸਮੇਂ ਜਾ ਕੇ ਵੇਖ ਸਕਦਾ ਹੈ ਕਿ ਉਥੇ ਅਜਿਹੇ ਕੋਈ ਹਥਿਆਰ ਨਹੀਂ। ਪਰ ਅਸੀਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਹੇਠਲੇ ਕਮਰਿਆਂ ਬਾਰੇ ਕੁਝ ਨਹੀਂ ਕਹਿ ਸਕਦੇ।" ਇਹ ਪੁੱਛੇ ਜਾਣ ਉਤੇ ਕਿ ਕੀ ਫੈਡਰੇਸ਼ਨ ਨੂੰ ਅਸਾਮ ਦੇ ਵਿਦਿਆਰਥੀਆਂ ਵਲੋਂ ਸੱਤਾ ਉਤੇ ਕਬਜ਼ਾ ਕਰ ਲੈਣ ਤੋਂ ਪਰੇਰਨਾ ਮਿਲੀ ਹੈ, ਸ. ਕਾਹਲੋਂ ਨੇ ਕਿਹਾ ਕਿ ਅਸਲ ਵਿਚ ਫੈਡਰੇਸ਼ਨ ਤੋਂ ਪ੍ਰੇਰਿਤ ਹੋ ਕੇ ਹੀ ਆਸਾਮ ਦੇ ਵਿਦਿਆਰਥੀਆਂ ਨੇ ਅੰਦੋਲਨ ਸ਼ੁਰੂ ਕੀਤਾ ਸੀ ਭਾਵੇਂ ਕਿ ਉਨ੍ਹਾਂ ਦੇ ਮਸਲੇ ਸਾਥੋਂ ਵੱਖਰੇ ਸਨ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਭਾਗ ਲੈਣ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ ਕਿ ਅਸੀਂ ਸਮਾਂ ਆਉਣ ਉਤੇ ਇਸ ਬਾਰੇ ਸੋਚਾਂਗੇ। ਉਨ੍ਹਾਂ ਇਸ ਗੱਲ ਨੂੰ ਗਲਤ ਕਿਹਾ ਕਿ ਫੈਡਰੇਸ਼ਨ ਦੀਆਂ ਸਰਗਰਮੀਆਂ ਕਾਰਨ ਨਜ਼ਰਬੰਦ ਸਿਖ ਨੌਜਵਾਨਾਂ ਦੀ ਰਿਹਾਈ ਰੁਕੀ। ਉਨ੍ਹਾਂ ਨੇ ਇਸ ਦੋਸ਼ ਨੂੰ ਨਿਰਅਧਾਰ ਦੱਸਿਆ ਕਿ ਪਾਕਿਸਤਾਨ ਸਿਖ ਨੌਜਵਾਨਾਂ ਨੂੰ ਹਿੰਸਕ ਕਾਰਵਾਈਆਂ ਕਰਨ ਲਈ ਉਕਸਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਹਵਾਈ ਅਗਵਾਕਾਰਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਹਨ ਤੇ ਸਾਡੇ ਨੌਜਵਾਨ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਰੁਲ ਰਹੇ ਹਨ।

ਉਨ੍ਹਾਂ ਕਿਹਾ ਕਿ ਫੈਡਰੇਸ਼ਨ ਲਈ ਚੰਡੀਗੜ੍ਹ ਮੁਖ ਮਸਲਾ ਨਹੀਂ ਸਗੋਂ ਸਾਡੀ ਲੜਾਈ ਤਾਂ ਪੰਜਾਬ ਦੇ ਪਾਣੀਆਂ ਤੇ ਦੂਜੇ ਕੁਦਰਤੀ ਸੋਮੇ ਲੁੱਟੇ ਜਾਣ ਤੋਂ ਬਚਾਉਣ ਲਈ ਹੈ। ਸ. ਕਾਹਲੋਂ ਨੇ ਫੈਡਰੇਸ਼ਨ ਤੇ ਸੰਯੁਕਤ ਅਕਾਲੀ ਦਲ ਵਿਚਾਲੇ ਤੋੜ-ਵਿਛੋੜੇ ਸਬੰਧੀ ਕੁਝ ਕਹਿਣ ਤੋਂ ਗੁਰੇਜ਼ ਕੀਤਾ। ਫੈਡਰੇਸ਼ਨ ਨੇਤਾ ਨੇ ਹਿੰਦੂ ਸ਼ਿਵ ਸੈਨਾ ਉਤੇ ਰਾਜ ਵਿਚ ਫਿਰਕੂ ਤਣਾਅ ਪੈਦਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਵਾਲਿਆਂ ਨੂੰ ਆਪਣੇ ਆਪ ਨੂੰ ਪੰਜਾਬੀ ਸਮਝਣਾ ਚਾਹੀਦਾ ਹੈ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਮੁਆਫ ਨਹੀਂ ਕਰਨਗੀਆਂ।

ਅਕਾਲੀ ਦਲ ਨਾਲ ਕਿਸੇ ਕਿਸਮ ਦਾ ਗਠਜੋੜ ਕਰਨ ਦਾ ਖੰਡਨ ਕਰਦਿਆਂ ਉਨ੍ਹਾਂ ਸਪਸ਼ਟ ਕੀਤਾ ਕਿ ਜਿਹੜਾ ਵੀ ਸਿੱਖ ਕਾਜ ਲਈ ਕੰਮ ਕਰੇਗਾ ਉਸ ਨੂੰ ਸਾਡੀ ਹਮਾਇਤ ਪ੍ਰਾਪਤ ਹੋਵੇਗੀ ਤੇ ਇਹੋ ਗੱਲ ਬਰਨਾਲਾ ਸਰਕਾਰ ਉਤੇ ਲਾਗੂ ਹੋਵੇਗੀ।

ਇਕ ਸਵਾਲ ਉਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਵੱਖਵਾਦੀ ਨਹੀਂ, ਸਾਨੂੰ ਵੱਖ ਕੀਤਾ ਗਿਆ ਹੈ।" ਉਨ੍ਹਾਂ ਕਿਹਾ ਕਿ ਅਕਾਲ ਤਖਤ ਦੀ ਕਾਰ ਸੇਵਾ ਲਈ ਸਿੱਖਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਵ ਉਸਾਰੀ ਦੋ ਸਾਲ ਵਿਚ ਮੁਕੰਮਲ ਕਰ ਲਈ ਜਾਵੇਗੀ ਜਦੋਂ ਕਿ ਮੀਨਾਕਾਰੀ ਦੇ ਕੰਮ ਉਤੇ ਡੇਢ-ਦੋ ਸਾਲ ਹੋਰ ਲੱਗਣਗੇ।

# ਸੀ. ਆਰ. ਪੀ. ਹੱਥੋਂ "ਭੁਲੇਖੇ" 'ਚ ਪੁਲੀਸ ਮੁਲਾਜ਼ਮ ਹਲਾਕ

ਅੰਮ੍ਰਿਤਸਰ — ਕੇਂਦਰੀ ਰੀਜ਼ਰਵ ਪੁਲੀਸ ਦੀ ਇਕ ਟੁਕੜੀ ਵਲੋਂ ਗੋਲੀ ਚਲਾਏ ਜਾਣ ਕਾਰਨ ਇਕ ਪੁਲੀਸ ਹੈਡ ਕਾਂਸਟੇਬਲ ਸ. ਇੰਦਰਪਾਲ ਦੀ ਮੌਤ ਹੋ ਗਈ ਜਦ ਕਿ ਇਕ ਸਿਪਾਹੀ ਜ਼ਖਮੀ ਹੋ ਗਿਆ। ਸੀ. ਆਰ. ਪੀ. ਵਾਲਿਆਂ ਨੇ ਇਨ੍ਹਾਂ ਨੂੰ ਦਹਿਸ਼ਤਪਸੰਦ ਸਮਝ ਕੇ ਗੋਲੀ ਚਲਾ ਦਿਤੀ ਸੀ। ਇਸ ਤੋਂ ਇਲਾਵਾ ਬੀਤੇ 24 ਘੰਟਿਆਂ ਦੌਰਾਨ ਜ਼ਿਲੇ ਵਿਚ ਇਕ ਬੈਂਕ ਦਾ ਕੈਸ਼ੀਅਰ ਲੁੱਟਿਆ ਗਿਆ ਅਤੇ ਇਕ ਸਟੇਸ਼ਨ ਮਾਸਟਰ ਦਾ ਘਰ ਲੁੱਟ ਲਿਆ ਗਿਆ।

ਡਿਪਟੀ ਇੰਸਪੈਕਟਰ ਜਨਰਲ, ਪੂਰਨ ਚੰਦ ਡੋਗਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜ ਦਹਿਸ਼ਤਪਸੰਦਾਂ ਨੇ ਇਥੋਂ 55 ਕਿਲੋਮੀਟਰ ਦੂਰ ਪੱਟੀ ਵਿਖੇ ਖਜ਼ਾਨੇ ਉਪਰ ਹਮਲਾ ਕਰ ਦਿਤਾ। ਹੈਡ ਕਾਂਸਟੇਬਲ ਇੰਦਰਪਾਲ ਸਿੰਘ ਤੇ ਉਸ ਦੇ ਸਾਥੀ ਸਿਪਾਹੀਆਂ ਨੇ ਇਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਦੋਵਾਂ ਧਿਰਾਂ ਵਿਚਕਾਰ ਕੋਈ ਦਸ ਮਿੰਟ ਗੋਲੀ ਚਲੀ ਪ੍ਰੰਤੂ ਇਨ੍ਹਾਂ ਲੁਟੇਰਿਆਂ ਨੂੰ ਖਜ਼ਾਨੇ ਵਿਚ ਦਾਖਲ ਨਹੀਂ ਹੋਣ ਦਿਤਾ ਗਿਆ। ਦੁਵੱਲੀ ਫਾਇਰਿੰਗ ਦੌਰਾਨ ਇਕ ਗੋਲੀ ਇੰਦਰਪਾਲ ਸਿੰਘ ਦੀ ਸੱਜੀ ਲੱਤ ਵਿਚ ਲੱਗੀ। ਪੰਜ ਹਮਲਾਵਰਾਂ ਦੇ ਭੱਜ ਜਾਣ 'ਤੇ ਇੰਦਰਪਾਲ ਸਿੰਘ ਨੇ ਜ਼ੋਰ ਪਾਇਆ ਕਿ ਥਾਣੇ ਚਲਿਆ ਜਾਵੇ ਅਤੇ ਸ਼ਿਕਾਇਤ ਦਰਜ ਕਰਵਾਈ ਜਾਵੇ। ਤਿੰਨਾ ਨੇ ਕਮਰੇ ਵਿਚੋਂ ਨਿਕਲਕੇ ਦੋ ਗੋਲੀਆਂ ਚਲਾਈਆਂ ਤਾਂ ਕਿ ਇਹ ਗੱਲ ਯਕੀਨੀ ਹੋ ਸਕੇ ਕਿ ਆਸਪਾਸ ਕੋਈ ਦਹਿਸ਼ਤਪਸੰਦ ਨਹੀਂ ਹੈ। ਦੁਵੱਲੀ ਫਾਇਰਿੰਗ ਦੌਰਾਨ 260 ਗੋਲੀਆਂ ਚਲੀਆਂ। ਇਸ ਦੌਰਾਨ ਫਾਇਰਿੰਗ ਦੀ ਆਵਾਜ਼ ਸੁਣ ਕੇ ਸੀ. ਆਰ. ਪੀ. ਦੀ ਦਸਵੀਂ ਬਟਾਲੀਅਨ ਦੀ ਗਸ਼ਤੀ ਟੋਲੀ ਦੇ ਜਵਾਨਾਂ ਨੇ ਪੁਜ਼ੀਸ਼ਨਾਂ ਲੈ ਲਈਆਂ। ਮਿ. ਡੋਗਰਾ ਅਨੁਸਾਰ ਜਦੋਂ ਸੀ. ਆਰ. ਪੀ. ਦੇ ਜਵਾਨਾਂ ਨੇ ਤਿੰਨਾ ਜਾਣਿਆਂ ਨੂੰ ਆਉਂਦਿਆਂ ਵੇਖਿਆ ਤਾਂ ਸਮਝਿਆ ਕਿ ਦਹਿਸ਼ਤਪਸੰਦ ਆਪਣੇ ਸਾਥੀ ਨੂੰ ਚੁੱਕੀ ਜਾ ਰਹੇ ਹਨ। ਇਹੋ ਸੋਚ ਕੇ ਉਨ੍ਹਾਂ ਤੁਰੰਤ ਗੋਲੀ ਚਲਾ ਦਿਤੀ। ਕੁਲ ਪੰਜ ਗੋਲੀਆਂ ਸੀ ਆਰ ਪੀ ਵਾਲਿਆਂ ਚਲਾਈਆਂ। ਇੰਦਰਪਾਲ ਸਿੰਘ ਦੇ ਦਿਲ ਵਿਚ ਗੋਲੀ ਲੱਗੀ। ਇਸ 'ਤੇ ਗਿਆਨ ਸਿੰਘ ਨੇ ਸ਼ੋਰ ਪਾਇਆ ਕਿ ਉਹ ਪੁਲੀਸ ਮੁਲਾਜ਼ਮ ਹਨ।

ਮਿ. ਡੋਗਰਾ ਨੇ ਦੱਸਿਆ ਕਿ ਘਟਨਾ ਸਮੇਂ ਸਿਰਫ ਗਿਆਨ ਸਿੰਘ ਈ ਗਾਰਡ ਡਿਊਟੀ ਉਤੇ ਸੀ। ਪ੍ਰੰਤੂ ਇੰਦਰਪਾਲ ਸਿੰਘ ਨੇ ਬਹਾਦਰੀ ਦਿਖਾਉਂਦੇ ਹੋਏ ਦਹਿਸ਼ਤਪਸੰਦਾਂ ਦਾ ਮੁਕਾਬਲਾ ਕੀਤਾ ਤੇ ਉਨ੍ਹਾਂ ਨੂੰ ਅੰਤ ਭੱਜਣ ਲਈ ਮਜ਼ਬੂਰ ਕਰ ਦਿਤਾ। ਪੁਲੀਸ ਅਤੇ ਸੀ ਆਰ ਪੀ ਦੀ ਇਸ ਝੜਪ ਵਿਚ ਦਹਿਸ਼ਤਪਸੰਦਾਂ ਨੂੰ ਭੱਜਣ ਦਾ ਮੌਕਾ ਮਿਲ ਗਿਆ।

ਅੰਮ੍ਰਿਤਸਰ ਦੇ ਸੀਨੀਅਰ ਪੁਲੀਸ ਕਪਤਾਨ ਸਰਬਜੀਤ ਸਿੰਘ ਵਿਰਕ ਨੇ ਦੱਸਿਆ ਕਿ ਇਹ ਹਮਲਾ 24 ਫਰਵਰੀ ਨੂੰ ਤਰਨਤਾਰਨ ਜੀ. ਆਰ. ਪੀ. ਚੌਕੀ ਉਤੇ ਕੀਤੇ ਹਮਲੇ ਵਰਗਾ ਹੀ ਸੀ ਜਿਸ ਵਿਚ 16 ਰਫਲਾਂ ਲੁੱਟੀਆਂ ਗਈਆਂ ਸਨ. ਮਿ. ਡੋਗਰਾ ਨੇ ਐਲਾਨ ਕੀਤਾ ਕਿ ਇੰਦਰਪਾਲ ਸਿੰਘ ਦੇ ਪਰਿਵਾਰ ਨੂੰ ਸਾਰੀਆਂ ਬਣਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਅਤੇ ਘਰ ਦੇ ਇਕ ਯੋਗ ਬੰਦੇ ਨੂੰ ਰੁਜ਼ਗਾਰ ਦਿਤਾ ਜਾਵੇਗਾ।

# ਦਹਿਸ਼ਤਪਸੰਦਾਂ ਨਾਲ ਸਖਤੀ ਹੀ ਇਕੋ ਹੱਲ — ਚੌਧਰੀ

ਹੁਸ਼ਿਆਰਪੁਰ — ਕਾਂਗਰਸ ਪਾਰਟੀ ਦੇ ਲੋਕ ਸਭਾ ਦੇ ਮੈਂਬਰ ਸ੍ਰੀ ਕਮਲ ਚੌਧਰੀ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦਹਿਸ਼ਤਪਸੰਦਾਂ ਨੂੰ ਮੌਕੇ ਉਤੇ ਹੀ ਗੋਲੀ ਮਾਰਨ ਨਾਲ ਸਥਿਤੀ ਉਤੇ ਕਾਬੂ ਪਾਇਆ ਜਾ ਸਕਦਾ ਹੈ। ਸ੍ਰੀ ਚੌਧਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਪਾਰਟੀ ਜਥੇਦਾਰਾਂ ਦੇ ਦਬਾਓ ਹੇਠ ਆ ਕੇ ਸਖਤ ਕਦਮ ਨਹੀਂ ਚੁੱਕ ਰਹੇ। ਸ੍ਰੀ ਚੌਧਰੀ ਨੇ ਕਿਹਾ ਕਿ ਜੇਕਰ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਜਾਂਦਾ ਤਾਂ ਅਮਨ ਕਾਨੂੰਨ ਦਾ 80 ਪ੍ਰਤੀਸ਼ਤ ਦਾ ਮਸਲਾ ਨਿਪਟ ਜਾਣਾ ਸੀ। ਉਨ੍ਹਾਂ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਕੇਂਦਰ ਦੇ ਕੁਝ ਨੇਤਾਵਾਂ ਦੀ ਸ਼ਹਿ ਨਾਲ ਹੀ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਰਲੇਵੇਂ ਦੇ ਵਿਰੁਧ ਨਹੀਂ ਹਨ।

## ਪੁਲੀਸ ਗੋਲੀ ਨਾਲ 3 ਭਰਾ ਜ਼ਖਮੀ

ਸੋਨੀਪਤ — ਇਥੋਂ ਪੰਦਰਾਂ ਕਿਲੋਮੀਟਰ ਦੂਰ ਸਥਿਤ ਇਕ ਪਿੰਡ ਵਿਚ ਪੁਲੀਸ ਵਲੋਂ ਗੋਲੀ ਚਲਾਣ ਕਾਰਨ ਤਿੰਨ ਭਰਾ ਜ਼ਖਮੀ ਹੋ ਗਏ। ਉਨ੍ਹਾਂ ਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ। ਇਕ ਦੀ ਹਾਲਤ ਗੰਭੀਰ ਹੈ। ਪੁਲੀਸ ਸੂਤਰਾਂ ਅਨੁਸਾਰ ਜਦੋਂ ਪੁਲੀਸ ਪਾਰਟੀ ਨੇ ਇਕ ਘਰ ਛਾਪਾ ਮਾਰਿਆ ਤਾਂ ਉਕਤ ਵਿਅਕਤੀਆਂ ਨੇ ਹਮਲਾ ਕਰ ਦਿ ਤਾ ਜਿਸ ਕਾਰਨ ਪੁਲੀਸ ਦੇ ਤਿੰਨ ਮੁਲਾਜ਼ਮ ਜ਼ਖਮੀ ਹੋਏ। ਇਸ ਉਪਰੰਤ ਪੁਲੀਸ ਨੇ ਵੀ ਫਾਇਰਿੰਗ ਕੀਤੀ। ਕੇਸ ਦਰਜ ਕਰ ਲਿਆ ਗਿਆ ਹੈ।

# ਟੌਹੜਾ ਦਾ ਅਸਤੀਫਾ ਮਨਜ਼ੂਰ ਕਰਨ ਦਾ ਸਵਾਗਤ

ਅੰਮ੍ਰਿਤਸਰ — ਦਮਦਮੀ ਟਕਸਾਲ ਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਅਸਤੀਫਾ ਮਨਜ਼ੂਰ ਕਰ ਲਏ ਜਾਣ ਦਾ ਸਵਾਗਤ ਕੀਤਾ ਹੈ। ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਤੇ ਫੈਡਰੇਸ਼ਨ ਦੇ ਕਨਵੀਨਰ ਸ. ਹਰਿੰਦਰ ਸਿੰਘ ਕਾਹਲੋਂ ਨੇ ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ, "ਪੰਥ ਦਾ ਇਕ ਗੱਦਾਰ ਤਾਂ ਭੱਜ ਗਿਆ ਹੈ ਪਰ ਸਾਡਾ ਨਿਸ਼ਾਨਾ ਪੰਥ ਦੇ ਸਾਰੇ ਗੱਦਾਰਾਂ ਤੇ ਸਿਖ ਦੁਸ਼ਮਣਾਂ ਨੂੰ ਹਰਾਉਣਾ ਹੈ।"

ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਭੇਜੀ ਇਕ ਵੱਖਰੀ ਤਾਰ ਵਿਚ ਫੈਡਰੇਸ਼ਨ ਨੇ ਸ. ਬਰਨਾਲਾ ਨੂੰ ਉਨ੍ਹਾਂ ਵਲੋਂ ਲੋਕ ਸਭਾ ਦੇ ਰਾਜਪਾਲ ਸ੍ਰੀ ਬਲਰਾਮ ਜਾਖੜ ਦੇ ਉਸ ਬਿਆਨ ਦਾ ਮੂੰਹ ਤੋੜਵਾਂ ਉਤਰ ਦੇਣ ਦਾ ਸਵਾਗਤ ਕੀਤਾ ਹੈ ਜਿਸ ਵਿਚ ਸ੍ਰੀ ਜਾਖੜ ਨੇ "ਪੰਜਾਬ ਨੂੰ ਬੁੱਚੜਖਾਨਾ" ਕਿਹਾ ਸੀ। ਤਾਰ ਵਿਚ ਕਿਹਾ ਗਿਆ ਹੈ ਕਿ ਸ੍ਰੀ ਜਾਖੜ ਦਾ ਸਿੱਖ ਵਿਰੋਧੀ ਕਿਰਦਾਰ ਉਦੋਂ ਹੀ ਨੰਗਾ ਹੋ ਗਿਆ ਸੀ ਜਦੋਂ ਉਸ ਨੇ ਪਹਿਲਾਂ ਅਪਰੇਸ਼ਨ ਬਲਿਊ ਸਟਾਰ ਤੇ ਬਾਅਦ ਵਿਚ ਨਵੰਬਰ ਦੇ ਦੰਗਿਆਂ ਦੀ ਹਮਾਇਤ ਕੀਤੀ ਸੀ।

ਨਵੀਂ ਦਿੱਲੀ — ਅ ਪੰਥਕ ਪਾਰਟੀ ਦੇ ਪ੍ਰਧਾਨ ਸ. ਤੇਜਵੰਤ ਸਿੰਘ ਨੇ ਦਮਦਮੀ ਟਕਸਾਲ ਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਦਹਿਸ਼ਤਪਸੰਦਾਂ ਵਲੋਂ ਲਗਾਤਾਰ ਕੀਤੇ ਜਾ ਰਹੇ ਕਤਲ ਰੋਕਣ ਲਈ ਬਰਨਾਲਾ ਸਰਕਾਰ ਨੂੰ ਸਹਿਯੋਗ ਦੇਣ। ਇਥੇ ਜਾਰੀ ਇਕ ਬਿਆਨ ਵਿਚ ਪੰਥਕ ਨੇਤਾ ਨੇ ਕਿਹਾ ਕਿ ਹੁਣ ਜਦੋਂ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਜਥੇਦਾਰ ਟੌਹੜਾ ਦੀ ਅਸਤੀਫਾ ਮਨਜ਼ੂਰ ਕਰ ਲਿਆ ਗਿਆ ਹੈ ਤਾਂ ਟਕਸਾਲ ਤੇ ਫੈਡਰੇਸ਼ਨ ਨੂੰ ਚਾਹੀਦਾ ਹੈ ਕਿ ਉਹ ਵਿਰੋਧ ਦਾ ਰਸਤਾ ਤਿਆਗ ਕੇ ਪੰਜਾਬ ਸਰਕਾਰ ਨਾਲ ਆਪਣੇ ਮੱਤਭੇਦ ਗੱਲਬਾਤ ਰਾਹੀਂ ਦੂਰ ਕਰਨ।

# ਦਲ ਖਾਲਸਾ ਦੀ ਮੀਟਿੰਗ

ਪਟਿਆਲਾ — ਪੰਜਾਬ ਵਿਚ ਦਲ ਖਾਲਸਾ ਨੂੰ ਮੁੜ ਸਰਗਰਮ ਕਰਨ ਲਈ ਯਤਨ ਜਾਰੀ ਕੀਤੇ ਗਏ ਹਨ ਜਿਨ੍ਹਾਂ ਅਧੀਨ 4 ਮਾਰਚ ਨੂੰ ਜਲੰਧਰ ਵਿਚ ਦਲ ਖਾਲਸਾ ਦੀ ਉਚ ਪੱਧਰੀ ਮੀਟਿੰਗ ਸੱਦੀ ਗਈ। ਇਸ ਕੰਮ ਲਈ ਦਲ ਦੇ ਕੁਝ ਮੈਂਬਰ ਕੈਨੇਡਾ ਤੋਂ ਆਏ ਹਨ। ਇਥੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਲ ਖਾਲਸਾ ਦੇ ਪਟਿਆਲਾ ਦੇ ਮੁੱਖ ਪੰਚ ਸ੍ਰੀ ਮਹਿੰਦਰ ਸਿੰਘ ਬਾਗੀ ਨੇ ਦਿੱਤੀ।

ਸ੍ਰੀ ਕਸਤੂਰੀ ਲਾਲ ਨੂੰ ਪੰਜਾਬ ਵਜ਼ਾਰਤ ਵਿਚ ਸ਼ਾਮਲ ਕੀਤੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਹਿੰਦੂਆਂ ਦਾ ਭਰੋਸਾ ਜਿੱਤਣ ਲਈ ਇਕ ਇਕ ਬੜਾ ਸਿਆਣਪ ਭਰਿਆ ਕਦਮ ਹੈ।


INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937


# ਸਾਬਕਾ ਫੌਜੀਆਂ ਲਈ ਪ੍ਰਬੰਧਕੀ ਕਮੇਟੀ

ਚੰਡੀਗੜ੍ਹ, (ਪੱਤਰ ਪ੍ਰੇਰਕ) - ਚੰਡੀਗੜ੍ਹ ਪ੍ਰਸ਼ਾਸਨ ਨੇ ਸਾਬਕਾ ਫੌਜੀਆਂ ਦੇ ਮੁੜ ਵਸੇਬੇ ਲਈ ਫੰਡ ਇਕੱਠਕ ਕਰਨ ਬਾਰੇ ਪ੍ਰਬੰਧਕੀ ਕਮੇਟੀ ਦਾ ਪੁਨਰਗਠਨ ਕੀਤਾ ਹੈ।

ਪੁਨਰਗਠਤ ਕਮੇਟੀ ਦੀ ਮਿਆਦ 31 ਦਸੰਬਰ 1986 ਤਕ ਹੋਵੇਗੀ।

ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਇਸ ਕਮੇਟੀ ਦੇ ਚੇਅਰਮੈਨ ਹੋਣਗੇ। ਗ੍ਰਹਿ ਸਕੱਤਰ ਚੰਡੀਗੜ੍ਹ ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦੇ ਜਨਰਲ ਆਫੀਸਰ ਕਮਾਂਡਿੰਗ ਕਮੇਟੀ ਦੇ ਉਪ ਪ੍ਰਧਾਨ ਹੋਣਗੇ।

ਕਮੇਟੀ ਦੇ ਮੈਂਬਰ ਇਸ ਪ੍ਰਕਾਰ ਹੋਣਗੇ: ਐਡੀਸ਼ਨਲ ਸਕੱਤਰ ਰੱਖਿਆ ਭਾਰਤ ਸਰਕਾਰ, ਡਿਪਟੀ ਕਮਿਸ਼ਨਰ, ਸ੍ਰੀ ਆਰ. ਕੇ. ਰੰਗਾ, ਮੇਜਰ ਜਨਰਲ ਰਾਜਿੰਦਰਾ ਨਾਥ (ਰਿਟਾਇਰਡ), ਏਅਰ ਕਮਾਂਡੋਰ ਸਤਿੰਦਰ ਸਿੰਘ (ਰਿਟਾਇਰਡ), ਬ੍ਰਿਗੇਡੀਅਰ ਮੁਖਤਿਆਰ ਸਿੰਘ (ਰਿਟਾਇਰਡ), ਹਵਾਲਦਾਰ ਅਮਰ ਨਾਥ (ਰਿਟਾਇਰਡ) ਤੇ ਜ਼ਿਲਕ ਸੈਨਿਕ ਭਲਾਈ ਅਧਿਕਾਰੀ ਇਸ ਕਮੇਟੀ ਦੇ ਸਕੱਤਰ ਹੋਣਗੇ।


Gurmail S. Gill
Lawyer

ਗੁਰਮੇਲ ਸਿੰਘ ਗਿੱਲ

- ਆਈ. ਸੀ. ਬੀ. ਸੀ. ਕਲੇਮਜ਼
- ਕ੍ਰਿਮੀਨਲ ਕੇਸਜ਼
- ਡਾਈਵੋਰਸ ਅਤੇ ਫੈਮਿਲੀ ਕੇਸਜ਼
- ਸਿਵਲ ਕੋਰਟ ਕਲੇਮਜ਼
- ਪ੍ਰਾਪਰਿਟੀ ਅਤੇ ਮੋਰਗੇਜ਼
- ਇਮੀਗਰੇਸ਼ਨ

Ph. 859-7171
534-0044 Toll Free
ROSBOROUGH & COMPANY
33832 South Fraser Way Abbotsford, B.C.
ਪਹਿਲਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ:

# ਭਾਰਤ ਵਿਚ ਫਿਰਕੂ ਹਨੇਰੀ

ਭਾਰਤ ਦੇ ਹਰ ਹਿੱਸੇ ਵਿਚ ਇਸ ਸਮੇਂ ਫਿਰਕੂ ਹਨੇਰੀ ਦਾ ਚੱਕਰ ਚਲ ਰਿਹਾ ਹੈ। ਜੰਮੂ ਕਸ਼ਮੀਰ, ਪੰਜਾਬ, ਯੂ. ਪੀ., ਹਰਿਆਣਾ, ਗੁਜਰਾਤ, ਮਹਾਂਰਾਸ਼ਟਰ ਲਗਪਗ ਸਾਰੇ ਹੀ ਇਸ ਦੀ ਲਪੇਟ ਵਿਚ ਆ ਚੁਕੇ ਹਨ। ਜਾਪਦਾ ਹੈ ਕਿ ਭਾਰਤ ਦੇ ਨਾਗਰਿਕਾਂ ਵਿਚ ਸਹਿਨਸ਼ੀਲਤਾ ਲਗਪਗ ਅਲੋਪ ਹੋ ਚੁਕੀ ਹੈ। ਪਰ ਡੂੰਘੀ ਨਜ਼ਰੇਂ ਤੱਕਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਾਜਸੀ ਲੀਡਰਸ਼ਿਪ ਇਸ ਦਾ ਮੁੱਖ ਕਾਰਨ ਹੈ। ਆਰਥਿਕ ਅਤੇ ਸਮਾਜਕ ਮਸਲਿਆਂ ਨੂੰ ਨਜਿਠਣ ਦੀ ਥਾਂ ਆਮ ਲੋਕਾਂ ਨੂੰ ਫਿਰਕਿਆਂ ਦੇ ਆਧਾਰ ਉਤੇ ਵੰਡੀ ਰੱਖਣ ਵਿਚ ਰਾਜਸੀ ਲੋਕ ਆਪਣਾ ਭਲਾ ਮਿਥ ਬੈਠੇ ਹਨ। ਆਗੂ ਲੋਕ ਜਿਸ ਦੀਵਾਲੀਆਪਨ ਦਾ ਸ਼ਿਕਾਰ ਹਨ, ਇਹ ਇਸੇ ਦਾ ਨਤੀਜਾ ਹੈ ਕਿ ਲੋਕਾਂ ਨੂੰ ਫਿਰਕੂ ਪੱਧਰ ਅਤੇ ਸਥਾਨਕ ਪੱਧਰ ਉਤੇ ਉਲਝਾ ਕੇ ਇਹ ਆਪਣਾ ਉਲੂ ਸਿਧਾ ਕਰਨ ਉਤੇ ਲੱਗੇ ਹੋਏ ਹਨ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਕਦੀ ਮਸਜਦ ਦਾ ਝਗੜਾ ਸ਼ੁਰੂ ਹੋਵੇ ਅਤੇ ਕਦੇ ਮੰਦਰ ਦਾ!

ਅਯੁਧਿਆ ਵਿਚ ਦੱਸਿਆ ਜਾਂਦਾ ਹੈ ਕਿ ਚੰਦਰਗੁਪਤ ਵਿਕਰਮਾਦਿਤਿਆ ਨੇ ਇਕ ਖੂਬਸੂਰਤ ਮੰਦਰ ਉਸਾਰਿਆ ਜੋ 1520 ਵਿਚ ਬਾਬਰ ਨੇ ਮਸਜਦ ਵਿਚ ਤਬਦੀਲ ਕਰ ਦਿਤਾ। ਉਸ ਥਾਂ ਨੂੰ ਹਿੰਦੂ ਪ੍ਰੀਸ਼ਦ ਵਾਲਿਆਂ ਰਾਮ ਜਨਮ ਭੂਮੀ ਦੇ ਨਾਂ ਨਾਲ ਉਚਾਰਨਾ ਸ਼ੁਰੂ ਕਰ ਦਿੱਤਾ ਅਤੇ ਮੁਸਲਮਾਨਾਂ ਬਾਬਰੀ ਮਸਜਦ ਦੇ ਨਾਂ ਨਾਲ। 1949 ਤੋਂ ਦੋਹਾਂ ਫਿਰਕਿਆਂ ਨੂੰ ਇਸ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ ਪਰ 31 ਜਨਵਰੀ 1986 ਨੂੰ ਫੈਜ਼ਾਬਾਦ ਦੇ ਜੱਜ ਕ੍ਰਿਸ਼ਨ ਮੋਹਨ ਪਾਂਡੇ ਨੇ ਫੈਸਲਾ ਹਿੰਦੂਆਂ ਦੇ ਹੱਕ ਵਿਚ ਦੇ ਦਿਤਾ ਅਤੇ ਸਰਕਾਰ ਨੂੰ ਇਮਾਰਤ ਦੇ ਦਰਵਾਜ਼ੇ ਖੋਲ੍ਹਣ ਦਾ ਹੁਕਮ ਚਾੜ੍ਹ ਦਿਤਾ।

ਮੁਸਲਮਾਨਾਂ ਫੈਸਲੇ ਵਿਰੁੱਧ ਅਪੀਲ ਕਰ ਦਿਤੀ। 31 ਜਨਵਰੀ ਤੋਂ ਹੀ ਫਸਾਦ ਭੜਕ ਗਏ। ਜੋ ਸਾਰੇ ਦੇਸ਼ ਵਿਚ ਫੈਲ ਗਏ। ਦਿੱਲੀ, ਮੱਧ ਪ੍ਰਦੇਸ਼, ਕਲਕੱਤਾ, ਕਸ਼ਮੀਰ ਤੱਕ ਇਹ ਅੱਗ ਫੈਲ ਗਈ।

ਇਕ ਖਸਤਾ ਹਾਲਤ ਇਮਾਰਤ ਪਿਛੇ ਜਿਹੜੇ ਲੋਕ ਝਗੜ ਰਹੇ ਹਨ ਅਤੇ ਜਿਹੜੇ ਲੀਡਰ ਇਸ ਤੋਂ ਰਾਜਸੀ ਸੱਤਾ ਪ੍ਰਾਪਤ ਕਰਨ ਦੇ ਯਤਨ ਵਿਚ ਹਨ — ਇਹ ਦੇਸ਼ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ।

ਚਾਰ ਸਦੀਆਂ ਪੁਰਾਣੇ ਥਾਂ ਪਿਛੇ ਝਗੜਾ ਸੈਂਕੜੇ ਲੋਕਾਂ ਦੀ ਜਾਨ ਦਾ ਖਹੁ ਬਣ ਰਿਹਾ ਹੈ। ਜਾਪਦਾ ਹੈ ਕਿ ਭਾਰਤ ਦੇ ਨੇਤਾ ਲੋਕ ਫਿਰਕੂ ਅੱਗ ਭੜਕਾ ਕੇ ਆਪਦੀ ਸੱਤਾ ਪ੍ਰਾਪਤੀ ਦੇ ਭੁੱਖ ਦਾ ਹੀ ਪ੍ਰਦਰਸ਼ਨ ਕਰ ਰਹੇ ਹਨ ਉਨ੍ਹਾਂ ਨੂੰ ਦੇਸ਼ ਦੀਆਂ ਮੁੱਖ ਸਮੱਸਿਆਵਾਂ ਨਾਲ ਕੋਈ ਵਾਹ ਵਾਸਤਾ ਨਹੀਂ ਜਾਪਦਾ।

## ਪੰਜਾਬ ਦੀ ਹਿੱਕ

ਜਦ ਤਕ ਸੁਆਸ ਨੇ, ਆਸ ਤਾਂ ਬਣੀ ਰਹਿਣੀ,
ਬੰਦੇ ਜੀਂਦੇ ਨੇ ਮਿਲਣ ਦੀ ਸਿਕ ਅੰਦਰ।
ਨਫਰਤ ਦੂਸਰੇ ਦੀ ਆਖਰ ਪਿਘਲ ਜਾਂਦੀ,
ਕਾਇਮ ਰਹੇ ਮੁਹੱਬਤ ਜੇ ਇਕ ਅੰਦਰ।
ਹਿਚਕੀ ਆਏ ਤਾਂ ਕਹਿੰਦੇ: ਕੋਈ ਯਾਦ ਕਰਦੈ,
ਪਲਦਾ ਪਿਆਰ ਅੰਗੜਾਈ ਤੇ ਛਿੱਕ ਅੰਦਰ।
ਭਾਵੇਂ ਕਿਸੇ ਵੀ ਨਾਲੀ 'ਚੋਂ ਨਿਕਲਦੀ ਹੈ,
ਗੋਲੀ ਵੱਜੇ ਪੰਜਾਬ ਦੀ ਹਿੱਕ ਅੰਦਰ।।

ਧਿਆਨਪੁਰੀ

## ਪ੍ਰਿੰਸ ਰੂਪਿਰਟ ਗੁਡਵਿਲ ਗਰੁੱਪ

ਪ੍ਰਿੰਸ ਰੂਪਿਰਟ ਗੁਡਵਿਲ ਗਰੁੱਪ ਵਲੋਂ ਇਕ ਸ਼ਾਨਦਾਰ ਪਾਰਟੀ ਦਾ ਪ੍ਰਬੰਧ ਮਾਰਚ ਵਿਚ ਕੀਤਾ ਜਾ ਰਿਹਾ ਹੈ। ਵੈਨਕੂਵਰ ਵਿਚ ਸਥਿਤ ਇਸ ਗਰੁੱਪ ਵਿਚ ਪ੍ਰਿੰਸ ਰੂਪਿਰਟ ਤੋਂ ਮੂਵ ਹੋ ਕੇ ਆਏ ਸੱਜਣ ਜੋ ਵੈਨਕੂਵਰ ਅਤੇ ਇਸ ਦੇ ਆਲੇ ਦੁਆਲੇ ਦੇ ਸ਼ਹਿਰਾਂ ਵਿਚ ਰਹਿ ਰਹੇ ਹਨ, ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਪੈਦਾ ਕਰਨ ਤਾਕਿ ਪ੍ਰਿੰਸ ਰੂਪਿਰਟ ਗੁਡਵਿਲ ਗਰੁੱਪ ਬਾਰੇ ਜਾਣਕਾਰੀ ਦਿਤੀ ਜਾ ਸਕੇ ਅਤੇ ਮਨਾਈ ਜਾਣੀ ਵਾਲੀ ਸ਼ਾਮ ਨੂੰ ਹੋਰ ਵੀ ਖੂਬਸੂਰਤ ਬਣਾਇਆ ਜਾ ਸਕੇ।

ਸੰਤੋਖ ਸਿੰਘ
277-5621

ਜਗਤਾਰ ਸਿੰਘ ਸੰਘਾ
463-5571

ਹਰਚੰਦ ਸਿੰਘ ਉੱਪਲ
522-0171

# ਪੰਜਾਬ ਡਾਇਰੀ

# ਕੀ ਬਰਨਾਲਾ ਸਰਕਾਰ ਦਹਿਸ਼ਤ ਅਤੇ ਹਿੰਸਾ ਦਾ ਮੁਕਾਬਲਾ ਕਰ ਸਕੇਗੀ?

ਸ਼ਿਵ ਕੁਮਾਰ ਬਟਾਲਵੀ ਨੂੰ ਪੰਜਾਬ ਦਾ ਜੌਹਨ ਕੀਟਸ ਕਰਕੇ ਜਾਣਿਆ ਜਾਂਦਾ ਹੈ। ਪਰ ਅੱਜ ਉਸ ਮੁਹੱਬਤ ਦੇ ਕਵੀ ਦੀ ਆਤਮਾ ਕਲਵਲ ਹੋ ਰਹੀ ਹੈ। ਉਸਦਾ ਘਰ, ਬਟਾਲਾ, ਬਹੁਤ ਦਿਨਾਂ ਤੋਂ ਅੱਗ ਦੀ ਲਪੇਟ ਵਿਚ ਆ ਚੁੱਕਾ ਹੈ। ਬਟਾਲੇ ਵਿਚ ਅਜੇ ਵੀ ਕਰਫੀਊ ਜਾਰੀ ਹੈ — ਸ਼ਿਵ ਸੈਨਾ ਦੇ ਹਿੰਦੂ ਚੇਲੇ ਅਤੇ ਫੈਡਰੇਸ਼ਨ ਦੇ ਸਿੱਖ ਨੌਜਵਾਨ ਇਕ ਦੂਜੇ ਨਾਲ ਭਿੜ ਰਹੇ ਹਨ। ਸ਼ਿਵ ਕੁਮਾਰ ਦਿਲੋਂ ਮਨੋਂ ਹਿੰਦੂ-ਸਿੱਖ ਏਕਤਾ ਦਾ ਪੁਜਾਰੀ ਸੀ। ਉਸਦਾ ਕਿਸੇ ਧਰਮ ਵਿਚ ਵਿਸ਼ਵਾਸ਼ ਨਹੀਂ ਸੀ ਅਤੇ ਆਪਣੇ ਮਰਨ ਵੇਲੇ ਤੱਕ ਇਕ ਸਿੱਖ ਕੁੜੀ ਨਾਲ ਉਸਦੀ ਮੁਹੱਬਤ ਰਹੀ ਬੇਸ਼ੱਕ ਉਹ ਆਪ ਹਿੰਦੂ ਘਰ ਵਿਚ ਪੈਦਾ ਹੋਇਆ ਸੀ।

ਬਰਨਾਲਾ ਸਰਕਾਰ ਕੁਝ ਵੀ ਕਿਉਂ ਨਾ ਕਹੇ — ਇਸ ਸਮੇਂ ਪੰਜਾਬ ਫਿਰ ਅੱਗ ਵਿਚ ਸੜ ਰਿਹਾ ਹੈ। ਪੰਜਾਬ ਸਰਕਾਰ ਦਾ ਲੋਕ ਸੰਪਰਕ ਅਧਿਕਾਰੀ ਜੋ ਰਾਜ ਭਵਨ ਵਿਚ ਅਫਸਰ ਹੈ ਦਿਨ ਰਾਤ ਮਸਰੂਫ ਹੈ। ਉਹ ਪੰਜਾਬ ਦੇ ਗਵਰਨਰਲ ਡਾ: ਸ਼ੰਕਰ ਦਿਆਲ ਸ਼ਰਮਾ ਨੂੰ ਪੰਜਾਬ ਵਿਚ ਵਾਪਰ ਰਹੀ ਪਲ ਪਲ ਦੀ ਹਿੰਸਾ ਦੀ ਖਬਰ ਪੁਚਾ ਰਿਹਾ ਹੈ। ਇਹ ਗਵਰਨਰ ਉਹ ਹੀ ਸਖਸ਼ ਹੈ ਜਿਸਦੀ ਲੜਕੀ ਗੀਤਾਂਜਲੀ ਅਤੇ ਜਵਾਈ ਲਲਿਤ ਮਾਕਨ ਦਿੱਲੀ ਵਿਚ 'ਅਤਿਵਾਦੀਆਂ' ਹੱਥੋਂ ਮਾਰੇ ਜਾ ਚੁਕੇ ਹਨ। ਸ਼ੰਕਰ ਦਿਆਲ ਸ਼ਰਮਾ ਦੀ ਨੀਂਦ ਫਿਰ ਹਰਾਮ ਹੋਈ ਪਈ ਹੈ।

## ਰਾਸ਼ਟਰਪਤੀ ਰਾਜ ਵੱਲ ਵਧਦੇ ਕਦਮ

ਪੰਜਾਬ ਦੇ ਰਾਜਨੀਤਕ ਦਰਸ਼ਕਾਂ ਦਾ ਵਿਚਾਰ ਹੈ ਕਿ ਜੇ ਅਜੋਕੀ ਸਥਿਤੀ ਕੁਝ ਚਿਰ ਹੋਰ ਬਰਕਰਾਰ ਰਹੀ ਅਤੇ ਦਹਿਸ਼ਤਪਸੰਦੀ ਵਧਦੀ ਗਈ ਤਾਂ ਰਾਸ਼ਟਰਪਤੀ ਰਾਜ ਦਾ ਲਾਗੂ ਹੋਣਾ ਲਾਜ਼ਮੀ ਹੈ। ਇਕ ਸੀਨੀਅਰ ਖੁਫੀਆ ਅਧਿਕਾਰੀ ਅਨੁਸਾਰ ਜੇ ਬਟਾਲਾ ਵਿਚ ਕਰਫੀਊ ਸਮੇਂ ਵੀ ਦੋ ਹਿੰਦੂ ਮਾਰੇ ਜਾ ਸਕਦੇ ਹਨ ਅਤੇ ਅੱਧੀ ਦਰਜਨ ਜ਼ਖਮੀ ਹੋ ਸਕਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਰਾਜ ਵਿਚ ਅਮਨ ਕਾਨੂੰਨ ਦੀ ਹਾਲਤ ਪਤਲੀ ਹੈ। ਕਰਫੀਊ ਦਾ ਮਤਲਬ ਹੀ ਕੀ ਰਹਿ ਜਾਂਦਾ ਹੈ ਜੇਕਰ ਦਹਿਸ਼ਤਪਸੰਦ ਗੋਲੀਆਂ ਚਲਾ ਕੇ, ਬੰਦੇ ਮਾਰ ਕੇ, ਆਰਾਮ ਨਾਲ ਛੁਪ ਸਕਦੇ ਹਨ?' ਖੁਫੀਆ ਵਿਭਾਗ ਦੇ ਅਧਿਕਾਰੀ ਦਾ ਜਾਇਜ਼ਾ ਹੈ ਕਿ ਬਰਨਾਲਾ ਸਰਕਾਰ ਦੀ ਹਾਲਤ ਇਸ ਸਮੇਂ ਅਕਤੂਬਰ 1983 ਵਿਚ ਦਰਬਾਰਾ ਸਿੰਘ ਸਰਕਾਰ ਦੀ ਹਾਲਤ ਵਾਲੀ ਹੀ ਹੈ ਜਿਸ ਸਮੇਂ ਚਾਰ ਹਿੰਦੂ ਬੱਸ ਵਿਚੋਂ ਕੱਢ ਕੇ ਮਾਰੇ ਗਏ ਸਨ। ਉਸ ਅਨੁਸਾਰ ਬਰਨਾਲਾ ਸਰਕਾਰ ਦਾ ਹਸ਼ਰ ਦਰਬਾਰਾ ਸਿੰਘ ਸਰਕਾਰ ਵਾਲਾ ਹੋਣ ਦੀ ਪੂਰੀ ਸੰਭਾਵਨਾ ਇਸ ਸਮੇਂ ਨਜ਼ਰ ਆਉਂਦੀ ਹੈ ਅਤੇ ਬਰਨਾਲਾ ਸਰਕਾਰ ਕਿਸੇ ਸਮੇਂ ਵੀ ਡਿਸਮਿਸ ਕੀਤੀ ਜਾ ਸਕਦੀ ਹੈ। 19 ਫਰਵਰੀ ਨੂੰ ਵੱਖ ਵੱਖ ਥਾਵਾਂ ਉਤੇ ਪੰਜ ਹਿੰਦੂ ਕਤਲ ਕੀਤੇ ਗਏ ਇਨ੍ਹਾਂ ਵਿਚ ਦੋ ਪੱਟੀ ਸਬਡਵੀਜ਼ਨ ਵਿਚ, ਇਕ ਪੁਲਸ ਅਧਿਕਾਰੀ ਗੁਰਦਾਸਪੁਰ ਵਿਚ ਸ਼ਾਮਲ ਸੀ। ਦਰਸਕਾਂ ਦਾ ਕਹਿਣਾ ਹੈ ਕਿ ਦਹਿਸ਼ਤਪਸੰਦ ਯੋਜਨਾਬੱਧ ਢੰਗ ਨਾਲ ਕਤਲ ਕਰ ਰਹੇ ਹਨ।

ਇਕ ਪੰਜਾਬ ਦੇ ਦਰਸ਼ਕ ਦਾ ਕਹਿਣਾ ਹੈ: "ਸ਼ਾਇਦ ਦਹਿਸ਼ਤਪਸੰਦ ਇਹ ਚਾਹੁੰਦੇ ਹਨ ਕਿ ਕਿਵੇਂ ਨਾ ਕਿਵੇਂ ਬਰਨਾਲਾ ਸਰਕਾਰ ਬਰਖਾਸਤ ਹੋ ਜਾਵੇ — ਉਹ ਤਾਂ ਹੀ ਹੋ ਸਕਦੀ ਹੈ ਜੇ ਵੱਧ ਤੋਂ ਵੱਧ ਹਿੰਦੂਆਂ ਨੂੰ ਨੁਕਸਾਨ ਪਹੁੰਚਾਇਆ ਜਾਵੇ।' ਉਸ ਦਾ ਇਹ ਵੀ ਕਹਿਣਾ ਹੈ ਕਿ ਕੇਂਦਰ ਵਿਚ ਇਕ ਅਜਿਹੀ ਲਾਬੀ ਹੈ ਜੋ ਅਕਾਲੀ ਸਰਕਾਰ ਨੂੰ ਉਲਟਾਉਣਾ ਚਾਹੁੰਦੀ ਹੈ ਅਤੇ ਉਹ ਲਾਬੀ ਹੀ ਦਹਿਸ਼ਤਪਸੰਦਾਂ ਦੀ ਮੱਦਦ ਇਸ ਸਮੇਂ ਕਰ ਰਹੀ ਹੈ।

## ਦਹਿਸ਼ਤਪਸੰਦ ਕੌਣ ਹਨ?

ਪਰ ਜ਼ਰੂਰੀ ਸਵਾਲ ਇਸ ਸਮੇਂ ਇਹ ਹੈ ਕਿ ਇਹ ਦਹਿਸ਼ਤਪਸੰਦ ਕੌਣ ਹਨ ਜੋ ਇਸ ਸਮੇਂ ਪੰਜਾਬ ਵਿਚ ਕਤਲੋ-ਗਾਰਤ ਕਰ ਰਹੇ ਹਨ? ਪੁਲੀਸ ਅਤੇ ਖੁਫੀਆ ਵਿਭਾਗ ਇਸ ਬਾਰੇ ਚੁੱਪ ਹਨ। ਪੁਲੀਸ ਦਾ ਕਹਿਣਾ ਹੈ ਕਿ ਕੁਝ ਬੰਦੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਦੇ ਹਨ — ਪਰ ਇਸਦਾ ਉਨ੍ਹਾਂ ਕੋਲ ਕੋਈ ਠੋਸ ਸਬੂਤ ਨਹੀਂ ਹੈ। ਗੁਰਸ਼ਰਨ ਸਿੰਘ ਜੋ ਪੰਜਾਬੀ ਦਾ ਪ੍ਰਸਿੱਧ ਨਾਟਕਕਾਰ ਹੈ ਅਤੇ ਮਾਰਕਸਵਾਦੀ ਵਿਚਾਰਧਾਰਾ ਵਾਲਾ ਲੇਖਕ ਹੈ — ਪਿਛਲੇ ਚਾਰ ਸਾਲ ਤੋਂ ਆਪਣੇ ਪਰਚੇ 'ਸਮਤਾ' ਵਿਚ ਲਗਾਤਾਰ ਸੰਪਾਦਕੀਆਂ ਲਿਖਦਾ ਹੈ ਦਾ ਕਹਿਣਾ ਹੈ ਕਿ ਇਹ ਕਤਲ ਦਮਦਮੀ ਟਕਸਾਲ ਜਾਂ ਫੈਡਰੇਸ਼ਨ ਵਾਲੇ ਨਹੀਂ ਕਰ ਰਹੇ ਸਗੋਂ ਪੰਜਾਬੀ ਵਿਚ ਦਹਿਸ਼ਤ ਦਾ ਜ਼ਿਮੇਂਵਾਰ ਪਾਕਿਸਤਾਨ ਹੈ।

ਪੰਜਾਬ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਦਾ ਕਹਿਣਾ ਹੈ: 'ਪੰਜਾਬ ਵਿਚ ਕਤਲਾਂ ਦੀ ਸਕੀਮ ਹੁਣ ਹਰਿਮੰਦਰ ਸਾਹਿਬ ਨਹੀਂ ਸਗੋਂ ਪਾਕਿਸਤਾਨ ਵਿਚ ਬਣਦੀ ਹੈ। ਦਿਲਚਸਪ ਗੱਲ ਇਹ ਹੈ ਕਿ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਮੋਹਕਮ ਸਿੰਘ ਅਤੇ ਫੈਡਰੇਸ਼ਨ ਦਾ ਕਾਰਜਕਾਰੀ ਪ੍ਰਧਾਨ ਹਰਿੰਦਰ ਸਿੰਘ ਕਾਹਲੋਂ ਦੋਵਾਂ ਨੇ ਹਿੰਸਾ ਦੀ ਨਿਖੇਧੀ ਕੀਤੀ ਹੈ। ਆਪਣੇ ਵੱਖ ਵੱਖ ਬਿਆਨਾਂ ਵਿਚ ਦੋਹਾਂ ਆਗੂਆਂ ਨੇ ਜਤਿੰਦਰਪਾਲ ਸਿੰਘ ਘੁੰਮਣ ਦੇ ਕਤਲ ਦੀ ਨਿੰਦਿਆ ਕੀਤੀ ਹੈ। ਘੁੰਮਣ ਅਕਾਲ ਫੈਡਰੇਸ਼ਨ ਦਾ ਆਗੂ ਸੀ ਜੋ ਖਾੜਕੂ ਜਥੇਬੰਦੀ ਹੈ ਅਤੇ ਸੰਤ ਭਿੰਡਰਾਂਵਾਲਾ ਦਾ ਪੱਕਾ ਚੇਲਾ ਸੀ। 6 ਫਰਵਰੀ ਨੂੰ ਘੁੰਮਣ ਨੂੰ ਤਿੰਨ ਅਣਪਛਾਤੇ ਬੰਦਿਆਂ ਨੇ ਗੁਰਦਾਸਪੁਰ ਜ਼ਿਲੇ ਦੇ ਪਿੰਡ ਘੁੰਮਣ ਕਲਾਂ ਵਿਚ ਕਲਤਾ ਕੀਤਾ।

## ਸਰਬੱਤ ਖਾਲਸਾ ਦੇ ਮਤੇ

ਅਕਾਲੀ ਦਲ - ਸ਼ਰੋਮਣੀ ਕਮੇਟੀ ਵਲੋਂ ਬੁਲਾਏ ਗਏ 16 ਫਰਵਰੀ ਦੇ ਸਰਬੱਤ ਖਾਲਸਾ ਸੰਮੇਲਨ ਵਿਚ ਬੇਸ਼ਕ ਮਤੇ ਪਾਸ ਕੀਤੇ ਗਏ ਪਰ ਹਰਿਮੰਦਰ ਸਾਹਿਬ ਉਤੇ ਟਕਸਾਲ ਅਤੇ ਫੈਡਰੇਸ਼ਨ ਦਾ ਕਬਜ਼ਾ ਲਗਾਤਾਰ ਬਣਿਆ ਹੋਇਆ ਹੈ। ਬੇਸ਼ਕ ਆਨੰਦਪੁਰ ਸਾਹਿਬ ਵਿਚ ਲੱਖਾਂ ਸਿੱਖ ਇਕੱਠੇ ਹੋਏ ਪਰ ਟਕਸਾਲ ਅਤੇ ਫੈਡਰੇਸ਼ਨ ਨੇ 15,000 ਬੰਦਾ ਇਕੱਠਾ ਕਰਕੇ ਅਕਾਲ ਤਖਤ ਦੀ ਨੀਂਹ ਰੱਖ ਦਿਤੀ।

ਮੁੱਖ ਮੰਤਰੀ ਬਰਨਾਲਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਹਰਿਮੰਦਰ ਸਾਹਿਬ 'ਮੁਕਤ' ਕਰਵਾਉਣ ਦੇ ਬਿਆਨ ਦਿਤੇ ਪਰ ਅਕਾਲੀ ਹਲਕੇ ਇਸ ਗੱਲ ਦਾ ਖੰਡਨ ਕਰਦੇ ਹਨ ਕਿ 'ਸ਼ਹੀਦੀ ਜਥੇ' ਭੇਜੇ ਜਾਣਗੇ ਤਾਕਿ ਟਕਸਾਲ ਅਤੇ ਫੈਡਰੇਸ਼ਨ ਤੋਂ ਹਰਿਮੰਦਰ ਕੰਪਲੈਕਸ 'ਮੁਕਤ' ਕਰਵਾਇਆ ਜਾ ਸਕੇ।

ਦੂਜੇ ਪਾਸੇ ਅਕਾਲੀ ਲੀਡਰਸ਼ਿਪ ਆਪੋ ਵਿਚ ਵੰਡੀ ਹੋਈ ਹੈ। ਸੁਰਜੀਤ ਸਿੰਘ ਬਰਨਾਲਾ ਸਖਤ ਕਦਮ ਚੁਕਣ ਤੋਂ ਘਬਰਾ ਰਿਹਾ ਹੈ ਕਿਉਂਕਿ ਬਾਦਲ ਨੇ ਚਿਤਾਵਨੀ ਦਿਤੀ ਹੈ ਕਿ ਜੇ ਹਰਿਮੰਦਰ ਸਾਹਿਬ ਵਿਚ ਪੁਲਸ ਭੇਜੀ ਗਈ ਤਾਂ ਰਾਜਸੀ ਤੌਰ ਉਤੇ ਅਕਾਲੀਆਂ ਦਾ ਸਫਾਇਆ ਹੋ ਜਾਵੇਗਾ। ਗੁਰਚਰਨ ਸਿੰਘ ਟੌਹੜਾ ਜਿਸ ਨੂੰ ਫੈਡਰੇਸ਼ਨ ਦਾ ਲੀਡਰ ਕਾਹਲੋਂ 'ਚਲਾਕ ਲੂੰਬੜ' ਆਖਦਾ ਹੈ, ਅਸਤੀਫਾ ਦੇ ਕੇ ਹੋਰ ਪੇਚੀਦਾ ਕਰ ਗਿਆ ਹੈ। ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਟੌਹੜੇ ਦਾ ਅਸਤੀਫਾ ਇਕ ਹੋਰ ਚਾਲ ਹੈ। ਰਾਜ ਸਭਾ ਦੀਆਂ ਚੋਣਾਂ ਲਈ ਉਹ ਫੇਰ ਲੰਗਰ ਲੰਗੋਟਾ ਕਸ ਰਿਹਾ ਹੈ ਅਤੇ ਉਸਨੂੰ ਹਰਾਉਣਾ ਬਰਨਾਲਾ ਅਤੇ ਬਾਦਲ ਦੇ ਬਸ ਦਾ ਰੋਗ ਨਹੀਂ।

ਇਸ ਵੇਲੇ ਬਰਨਾਲਾ ਦਾ ਇਮਤਿਹਾਨ ਹੈ। ਦਰਸ਼ਕਾਂ ਅਨੁਸਾਰ ਜੇ ਉਸ ਨੇ ਠੋਸ ਕਦਮ ਨਾ ਪੁੱਟੇ ਤਾਂ ਉਸ ਦਾ ਰਾਹ ਵੀ ਦਰਬਾਰਾ ਸਿੰਘ ਵਾਲਾ ਰਾਹ ਹੀ ਹੈ — ਰਾਸ਼ਟਰਪਤੀ ਰਾਜ!

(ਸੰਜੀਗ ਗੌੜ — 'ਸੰਡੇ' ਦੇ ਧੰਨਵਾਦ ਸਹਿਤ)

# ਸ਼ਿਵ ਸੈਨਾ ਵਲੋਂ ਸੰਸਦ ਅੱਗੇ ਧਰਨਾ ਦੇਣ ਦੀ ਚਿਤਾਵਨੀ

ਫਗਵਾੜਾ — ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਸ਼ਿਵ ਸੈਨਾ ਵਾਲੰਟੀਅਰਾਂ ਨੇ ਧਮਕੀ ਦਿੱਤੀ ਹੈ ਕਿ ਜੇ ਕੇਂਦਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਇਕ ਹਫਤੇ ਵਿਚ ਨਾ ਮੰਨੀਆਂ ਤਾਂ ਉਹ ਪਾਰਲੀਮੇਂਟ ਦੇ ਇਸ ਸੈਸ਼ਨ ਦੌਰਾਨ ਪਾਰਲੀਮੇਂਟ ਦੇ ਬਾਹਰ ਵਿਖਾਵਾ ਕਰਨਗੇ ਤੇ ਬੋਟ ਕਲੱਬ ਵਿਖੇ ਰੈਲੀ ਕਰਨਗੇ। ਇਹ ਫੈਸਲਾ ਪੰਜਾਬ ਤੇ ਜੰਮੂ-ਕਸ਼ਮੀਰ ਸ਼ਿਵ ਸੈਨਾ ਇਕਾਈਆਂ ਦੀ ਇਥੇ ਇਕ ਸਾਂਝੀ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਪ੍ਰੋ: ਰਮਾ ਕਾਂਤ ਜਲੋਟਾ ਨੇ ਕੀਤਾ।

ਜੰਮੂ-ਕਸ਼ਮੀਰ ਸ਼ਿਵ ਸੈਨਾ ਦੀਆਂ ਮੰਗਾਂ ਵਿਚ ਇਹ ਵੀ ਸ਼ਾਮਲ ਹੈ ਕਿ ਜਿਨ੍ਹਾਂ ਲੋਕਾਂ ਨੇ ਰਾਸ਼ਟਰ-ਵਿਰੋਧੀ ਨਾਅਰੇ ਲਾਏ ਉਨ੍ਹਾਂ ਤੋਂ ਦਸ ਸਾਲ ਲਈ ਵੋਟ ਦਾ ਹੱਕ ਖੋਹਿਆ ਜਾਵੇ ਕਿਉਂਕਿ ਉਹ ਵੱਖਰੇ ਰਾਜ ਦੀ ਮੰਗ ਕਰ ਰਹੇ ਹਨ। ਜੰਮੂ-ਕਸ਼ਮੀਰ ਦੀ ਸ਼ਿਵ ਸੈਨਾ ਇਕਾਈ ਤੋਂ ਪਾਬੰਦੀ ਹਟਾਈ ਜਾਵੇ ਤੇ ਜੰਮੂ-ਕਸ਼ਮੀਰ ਸ਼ਿਵ ਸੈਨਾਂ ਦੇ ਪ੍ਰਧਾਨ ਸਮੇਤ ਗ੍ਰਿਫਤਾਰ ਕੀਤੇ ਕੋਈ ਪੰਜ ਸੌ ਵਰਕਰਾਂ ਨੂੰ ਰਿਹਾਅ ਕੀਤਾ ਜਾਵੇ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਦਿਆਂ ਪ੍ਰੋ: ਜਲੋਟਾ ਨੇ ਦੱਸਿਆ ਕਿ ਇਸ ਸਬੰਧ ਵਿਚ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਮੈਮੋਰੰਡਮ ਭੇਜ ਦਿਤਾ ਗਿਆ ਹੈ ਤੇ ਅਪੀਲ ਕੀਤੀ ਗਈ ਹੈ ਕਿ ਉਹ ਜ਼ਾਤੀ ਤੌਰ ਉਤੇ ਇਸ ਮਾਮਲੇ ਵਿਚ ਦਖਲ ਦੇਣ।


Kuldip S. Jhand

WHEATON
PONTIAC BUICK GMC LTD.
ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਆਸਾਨ ਕਿਸ਼ਤਾਂ ਤੇ ਕਾਰਾਂ ਲਓ
ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ
ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ
Bus. 526-2781
Res. 524-4137
Pager 687-7711 #7610
SUPER BUYS
325 - 12th St., New Westminster, B.C.

# ਅੰਮ੍ਰਿਤਸਰ ਤੇ ਨਾਭਾ ਵਿਚ ਥਾਣੇਦਾਰ ਗੋਲੀ ਮਾਰ ਕੇ ਜ਼ਖਮੀ ਕੀਤੇ

ਅੰਮ੍ਰਿਤਸਰ — ਦੋ ਅਣਪਛਾਤੇ ਵਿਅਕਤੀਆਂ ਨੇ ਇਥੇ ਖਾਲਸਾ ਕਾਲਜ ਨੇੜੇ ਸੂਰਤਾ ਸਿੰਘ ਰੋਡ ਉਤੇ ਪੁਲੀਸ ਦੇ ਇਕ ਸਬ ਇੰਸਪੈਕਟਰ ਸਾਂਈ ਦਾਸ (52 ਸਾਲ) ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤੀ। ਸਾਂਈ ਦਾਸ ਇਸਲਾਮਾਬਾਦ ਪੁਲੀਸ ਥਾਣੇ ਵਿਚ ਆਪਣੀ ਡਿਊਟੀ ਦੇ ਕੇ ਵਾਪਸ ਛੇਹਰਟੇ ਆਪਣੇ ਘਰ ਜਾ ਰਿਹਾ ਸੀ। ਦੋ ਵਿਅਕਤੀ, ਜਿਨ੍ਹਾਂ ਨੇ ਆਪਣੇ ਮੂੰਹ ਕੱਪੜੇ ਨਾਲ ਢੱਕੇ ਹੋਏ ਸਨ, ਨੇ ਆਪਣੇ ਪਿਸਤੌਲਾਂ ਵਿਚੋਂ ਉਸ ਉਤੇ ਗੋਲੀਆਂ ਚਲਾਈਆਂ। ਉਸ ਦੀ ਧੌਣ, ਛਾਤੀ ਤੇ ਬਾਂਹ ਉਤੇ ਤਿੰਨ ਗੋਲੀਆਂ ਲੱਗੀਆਂ। ਸਾਂਈ ਦਾਸ ਨੇ ਆਪਣੀ ਰੱਖਿਆ ਵਿਚ ਜਵਾਬੀ ਗੋਲੀ ਚਲਾਈ ਪਰ ਹਮਲਾਵਰ ਹਨੇਰੇ ਦੀ ਆੜ ਵਿਚ ਬਚ ਕੇ ਨਿਕਲ ਗਏ। ਉਸ ਨੂੰ ਸਥਾਨਕ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਜਿਥੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਜਲੰਧਰ ਰੇਂਜ ਦੇ ਡੀ. ਆਈ. ਜੀ. ਪੁਲੀਸ ਸ੍ਰੀ ਪੀ. ਸੀ. ਡੋਗਰਾ ਸ੍ਰੀ ਸਾਂਈ ਦਾਸ ਦਾ ਹਾਲ ਚਾਲ ਪੁੱਛਣ ਲਈ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਪੁੱਜੇ। ਉਨ੍ਹਾਂ ਨੇ ਸ੍ਰੀ ਸਾਂਈ ਦਾਸ ਵਲੋਂ ਜ਼ਖਮੀ ਹੋਣ ਦੇ ਬਾਵਜੂਦ ਹਮਲਾਵਰਾਂ ਉਤੇ ਗੋਲੀ ਚਲਾਉਣ ਦਾ ਹੌਂਸਲਾ ਕਰਨ ਦੀ ਸਰਾਹਨਾ ਕੀਤੀ। ਉਸ ਨੇ ਹਮਲਾਵਰਾਂ ਵਿਚੋਂ ਇਕ ਦੀ ਪਛਾਣ ਵੀ ਕਰ ਲਈ। ਸ੍ਰੀ ਡੋਗਰਾ ਨੇ ਇਹ ਐਲਾਨ ਕੀਤਾ ਕਿ ਸ੍ਰੀ ਸਾਂਈ ਦਾਸ ਨੂੰ ਤੁਰੰਤ ਤਰੱਕੀ ਦੇ ਕੇ ਇੰਸਪੈਕਟਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਜਾਵੇਗੀ।

ਸੀਨੀਅਰ ਸੁਪਰਡੈਂਟ ਪੁਲੀਸ ਸ੍ਰੀ ਐਸ. ਐਸ. ਵਿਰਕ ਨੇ ਦੱਸਿਆ ਕਿ ਹਮਲਾਵਰਾਂ ਨੂੰ ਛੇਤੀ ਹੀ ਕਾਬੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਦੌਰਾਨ ਪੁਲੀਸ ਨੇ ਦੋ ਨਾਮੀ ਅਤਿਵਾਦੀਆਂ ਜਗਤਾਰ ਸਿੰਘ ਤੇ ਹਰਜਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲੈਣ ਦਾ ਦਾਅਵਾ ਕੀਤਾ ਹੈ ਜਿਹੜੇ ਜ਼ਿਲੇ ਵਿਚ ਕਈ ਵਾਰਦਾਤਾਂ ਵਿਚ ਸ਼ਾਮਲ ਦੱਸੇ ਜਾਂਦੇ ਹਨ। ਸ੍ਰੀ ਵਿਰਕ ਨੇ ਦੱਸਿਆ ਕਿ ਪੁਲੀਸ ਇਨ੍ਹਾਂ ਦੀ ਪਿਛਲੇ ਕਈਆਂ ਮਹੀਨਿਆਂ ਤੋਂ ਭਾਲ ਕਰ ਰਹੀ ਸੀ।

ਪਟਿਆਲਾ — ਦੋ ਸ਼ੱਕੀ ਅਤਿਵਾਦੀਆਂ ਨੇ ਇਸ ਜ਼ਿਲੇ ਵਿਚ ਨਾਭਾ ਵਿਖੇ ਪੁਲੀਸ ਦੇ ਇਕ ਅਸਿਸਟੈਂਟ ਸਬ ਇੰਸਪੈਕਟਰ ਨੂੰ ਗੋਲੀ ਮਾਰ ਕੇ ਗੰਭੀਰ ਜ਼ਖਮੀ ਕਰ ਦਿਤਾ ਤੇ ਬਾਅਦ ਵਿਚ ਉਸ ਦਾ ਸਰਕਾਰੀ ਪਿਸਤੌਲ ਖੋਹ ਕੇ ਇਕ ਟਰੈਕਟਰ ਟਰਾਲੀ ਉਤੇ ਚੜ੍ਹ ਕੇ ਉਥੋਂ ਬਚ ਨਿਕਲੇ। ਇਸ ਘਟਨਾ ਬਾਅਦ ਇਥੋਂ ਨਾਭੇ ਵਿਚ ਭਾਰੀ ਪੁਲੀਸ ਫੋਰਸ ਭੇਜੀ ਗਈ ਹੈ।

## ਇਕ ਗ੍ਰਿਫਤਾਰ

ਮੋਗਾ — ਪੁਲੀਸ ਨੇ ਘੋਲੀਆ ਖੁਰਦ ਦੇ ਇਕ ਵਸਨੀਕ ਬਲਵੰਤ ਸਿੰਘ ਨੂੰ ਬਾਘਾਪੁਰਾਣਾ ਥਾਣੇ ਦੇ ਸਬ ਇੰਸਪੈਕਟਰ ਰਣਜੀਤ ਸਿੰਘ ਨੂੰ ਗੋਲੀ ਮਾਰ ਕੇ ਮਾਰਨ ਤੇ ਇਕ ਏ. ਐਸ. ਆਈ. ਸਮੇਤ ਦੋ ਵਿਅਕਤੀਆਂ ਨੂੰ ਜ਼ਖਮੀ ਕਰਨ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਹੈ। ਫਰੀਦਕੋਟ ਜ਼ਿਲਾ ਪੁਲੀਸ ਮੁਖੀ ਸ੍ਰੀ ਰਾਜਨ ਗੁਪਤਾ ਦੇ ਦੱਸਣ ਅਨੁਸਾਰ ਕਥਿਤ ਦੋਸ਼ੀ ਨੂੰ ਕੁਝ ਸਥਾਨਕ ਬੱਸ ਅੱਡੇ ਤੋਂ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਚੰਡੀਗੜ੍ਹ ਲਈ ਬੱਸ ਫੜਨ ਦਾ ਯਤਨ ਕਰ ਰਿਹਾ ਸੀ। ਕਥਿਤ ਦੋਸ਼ੀ ਨੂੰ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਸ ਨੇ ਉਸ ਦਾ ਇਕ ਹਫਤੇ ਲਈ ਪੁਲੀਸ ਰਿਮਾਂਡ ਦਿਤਾ।

## ਬਾਬਾ ਵਿਆਹਿਆ ਗਿਆ .....

ਬਰਾਸਿਲੀਆ — ਇਕ 119 ਸਾਲਾ ਬ੍ਰਿਧ ਬਰਾਜ਼ੀਲੀਅਨ ਵਾਲਡਿਮੀਰੋ ਸਿਲਵਾ ਦਾ ਬੀਤੇ ਸ਼ਨਿਚਰਵਾਰ ਰਾਏ ਡੀ. ਜਨੋਵੇ ਵਿਚ ਪਹਿਲੀ ਵੇਰ ਵਿਆਹ ਹੋਇਆ। ਸਿਲਵਾ ਜਿਸ ਦੀ ਸਿਹਤ ਕਾਫੀ ਅੱਛੀ ਦੱਸੀ ਜਾਂਦੀ ਹੈ। ਇਕ ਧਨੀ ਪਰਿਵਾਰ ਦਾ ਨੌਕਰ ਹੈ ਤੇ ਹੁਣ ਤਕ ਉਹ ਕੁਆਰਾ ਸੀ। ਉਸ ਦੀ 57 ਸਾਲਾ ਇਰਸਮਾ ਲਡੇਗ ਨਾਲ ਜਾਣ ਪਹਿਚਾਣ ਉਸ ਵੇਲੇ ਹੋਈ ਜਦੋਂ ਅੱਠ ਸਾਲ ਪਹਿਲਾਂ ਉਹ ਸਿਲਵਾ ਪਰਿਵਾਰ ਵਿਚ ਕੰਮ ਕਰਨ ਆਈ। ਉਸ ਵੇਲੇ ਤੋਂ ਹੀ ਇਰਸਮਾ ਨੇ ਸਿਲਵਾ ਦਾ ਪੂਰਾ ਧਿਆਨ ਰੱਖਿਆ ਤੇ ਦੋਵੇਂ ਇਕ ਦੂਸਰੇ ਨੂੰ ਪਿਆਰ ਕਰਨ ਲੱਗੇ। ਵਿਆਹ ਵਿਚ ਸੈਂਕੜੇ ਬੰਦੇ ਸ਼ਰੀਕ ਹੋਏ ਤੇ ਸਿਲਵਾ ਤੇ ਉਸ ਦੀ ਪਤਨੀ ਨੂੰ ਸ਼ੁਭ ਇਛਾਂਵਾਂ ਭੇਂਟ ਕੀਤੀਆਂ।

ਸੌ ਗਏ ਨੇ ਗੀਤ ਕਿੱਥੇ, ਸਾਜ਼ ਕਿੱਥੇ ਨੇ ਗਏ
ਕੌਣ ਹੁਣ ਦੇਵੇ ਹੁੰਗਾਰਾ, ਵਿਲਕਦੇ ਅਰਮਾਨ ਦਾ

# ਵਿਰੋਧੀ ਦਲ 20 ਤੋਂ ਦੂਜੇ ਪੜਾਅ ਦਾ ਸੰਘਰਸ਼ ਸ਼ੁਰੂ ਕਰਨਗੇ

ਨਵੀਂ ਦਿੱਲੀ — ਜਿਹੜੀਆਂ ਵਿਰੋਧੀ ਪਾਰਟੀਆਂ ਨੇ ਕੀਮਤਾਂ ਵਿਚ ਕੀਤੇ ਗਏ ਵਾਧੇ ਵਿਰੁੱਧ ਰੋਸ ਪ੍ਰਗਟ ਕਰਨ ਲਈ 26 ਫਰਵਰੀ ਨੂੰ 'ਭਾਰਤ ਬੰਦ' ਦਾ ਆਯੋਜਨ ਕੀਤਾ ਸੀ, ਉਨ੍ਹਾਂ ਨੇ ਹੁਣ 20 ਮਾਰਚ ਤੋਂ ਦੂਜੇ ਪੜਾਅ ਦਾ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਦਸ ਰਾਜਨੀਤਕ ਪਾਰਟੀਆਂ ਦੀ ਮੀਟਿੰਗ ਵਿਚ ਕੀਤਾ ਗਿਆ ਜਿਨ੍ਹਾਂ ਨੇ ਜਨਤਾ ਪਾਰਟੀ ਦੇ ਜਨਰਲ ਸਕੱਤਰ ਜਾਰਜ ਫਰਨਾਂਡੇਜ ਨੂੰ ਅਧਿਕਾਰ ਦਿਤੇ ਕਿ ਉਹ ਇਕ ਦੋ ਦਿਨਾਂ ਵਿਚ ਇਸ ਪ੍ਰਸਤਾਵਿਤ ਸੰਘਰਸ਼ ਦੀ ਰੂਪ-ਰੇਖਾ ਬਾਰੇ ਐਲਾਨ ਕਰਨ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਹੁਣ ਤੋਂ 20 ਮਾਰਚ ਤਕ ਪ੍ਰਸਤਾਵਿਤ ਸੰਘਰਸ਼ ਦੀ ਤਿਆਰੀ ਕੀਤੀ ਜਾਵੇਗੀ।

ਦੱਸਿਆ ਗਿਆ ਹੈ ਕਿ ਇਸ ਰਾਸ਼ਟਰ-ਪੱਧਰ ਦੇ ਸੰਘਰਸ਼ ਦੀ ਸਿਖਰ 6 ਅਪਰੈਲ ਨੂੰ ਹੋਵੇਗੀ ਜਦੋਂ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕੌਮੀ ਹਫਤਾ ਮਨਾਇਆ ਜਾਵੇਗਾ।

ਮੀਟਿੰਗ ਵਿਚ 'ਭਾਰਤ ਬੰਦ' ਪ੍ਰਤੀ ਲੋਕਾਂ ਦੇ ਭਰਪੂਰ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਮੀਟਿੰਗ ਦੇ ਆਰੰਭ ਵਿਚ ਸਵੀਡਨ ਦੇ ਪ੍ਰਧਾਨ ਮੰਤਰੀ ਦੀ ਹੱਤਿਆ 'ਤੇ ਸ਼ੋਕ ਪ੍ਰਗਟ ਕੀਤਾ ਗਿਆ।

ਇਸ ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸਰਵ ਸ੍ਰੀ ਇੰਦਰਜੀਤ ਗੁਪਤਾ (ਸੀ. ਪੀ. ਆਈ.), ਐਸ ਪੀ ਮਾਲਵੀਆ (ਲੋਕ ਦਲ), ਵੀ. ਕੇ. ਮਲਹੋਤਰਾ (ਭਾਜਪਾ), ਸ੍ਰੀਮਤੀ ਅੰਬਿਕਾ ਸੋਨੀ (ਕਾਂਗਰਸ ਸ), ਪ੍ਰਤੀਸ਼ ਚੰਦਰ (ਐਸ. ਯੂ. ਸੀ. ਆਈ.), ਅਮਰ ਰਾਏ ਪ੍ਰਧਾਨ (ਫਾਰਵਰਡ ਬਲਾਕ), ਪਿਯੂਸ਼ ਤਿਰਕੇ (ਆਰ ਐਸ ਪੀ), ਪ੍ਰੋ: ਲਕਸ਼ਮੱਨਾ (ਤੇਲਗੂ ਦੇਸਮ), ਤੇ ਮਧੂ ਦੰਡਵਤੇ (ਜਨਤਾ) ਦੇ ਨਾਂ ਹਨ। ਸੀ ਪੀ ਆਈ (ਐਮ) ਦੀ ਸ੍ਰੀ ਈ. ਐਮ. ਐਸ. ਨੰਬੂਦਰੀਪਾਦ ਜਿਹੜੇ ਕਿ ਇਸ ਮੀਟਿੰਗ ਵਿਚ ਹਾਜ਼ਰ ਨਾ ਹੋ ਸਕੇ ਨੇ ਇਸ ਤਜਵੀਜ਼ ਦੀ ਪੂਰੀ ਹਮਾਇਤੀ ਕੀਤੀ।

# ਭਰਾ-ਮਾਰੂ ਜੰਗ ਦੀ ਸਾਜ਼ਸ਼ ਨੂੰ ਸਫਲ ਨਹੀਂ ਹੋਣ ਦਿਤਾ

ਡੇਰਾ ਬਸੀ — ਇਥੋਂ ਵੀਹ ਕਿਲੋਮੀਟਰ ਦੂਰ ਪਿੰਡ ਤਸਿੰਬਲੀ [illegible] ਯੂਥ ਵਿੰਗ ਸ਼ਰੋਮਣੀ ਅਕਾਲੀ ਦਲ ਸਰਕਲ ਲਾਲੜੂ ਅਤੇ ਡੇਰਾ ਬਸੀ ਦੀ ਸਾਂਝੀ ਕਾਨਫਰੰਸ ਹੋਈ। ਜਿਸ ਨੂੰ ਸ. ਗੁਰਚਰਨ ਸਿੰਘ ਟੌਹੜਾ, ਯੂਥ ਵਿੰਗ ਦੇ ਪ੍ਰਧਾਨ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਕੈਪਟਨ ਕੰਵਲਜੀਤ ਸਿੰਘ ਐਮ. ਐਲ. ਏ. ਅਤੇ ਸੰਤ ਸਾਵਣ ਸਿੰਘ ਮੈਂਬਰ ਸ਼ਰੋਮਣੀ ਕਮੇਟੀ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਬੋਲਦਿਆਂ ਸ. ਟੌਹੜਾ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਮਝੌਤੇ ਨੂੰ ਨਾ ਲਾਗੂ ਕਰਕੇ ਦੁੱਧ ਵਿਚ ਮੀਂਗਣਾ ਪਾ ਰਹੀ ਹੈ ਅਤੇ ਪੰਜਾਬੀ ਇਸ ਦੁੱਧ ਨੂੰ ਪੀਣ ਤੋਂ ਇਨਕਾਰ ਕਰ ਦੇਣਗੇ। ਉਨ੍ਹਾਂ ਕਿਹਾ ਕਿ "ਮੈਨੂੰ ਤਾਂ ਪੰਜਾਬ ਸਮਝੌਤਾ ਪਹਿਲਾਂ ਵੀ ਮਨਜ਼ੂਰ ਨਹੀਂ ਸੀ, ਪਰ ਜਦ ਸਿੱਖ ਸੰਗਤਾਂ ਨੇ ਇਸ ਨੂੰ ਪ੍ਰਵਾਨ ਕੀਤਾ ਤਾਂ ਮੈਂ ਵੀ ਸੰਗਤ ਦਾ ਹੁਕਮ ਮੰਨਦਿਆਂ ਇਸ ਸਮਝੌਤੇ ਨੂੰ ਪ੍ਰਵਾਨ ਕੀਤਾ।" ਸ. ਟੌਹੜਾ ਨੇ ਕਿਹਾ ਕਿ "ਦਰਬਾਰ ਸਾਹਿਬ ਵਿਚ ਭਰਾ-ਮਾਰੂ ਜੰਗ ਕਰਵਾਉਣ ਦੀ ਸਾਜ਼ਿਸ਼ ਕੇਂਦਰੀ ਸਰਕਾਰ ਨੇ ਘੜੀ ਸੀ ਅਤੇ ਅਸੀਂ ਇਸ ਨੂੰ ਨਾਕਾਮ ਬਣਾ ਦਿੱਤਾ।" ਸ. ਟੌਹੜਾ ਨੇ ਆਪਣੇ ਭਾਸ਼ਨ ਦੌਰਾਨ ਯੂਥ ਵਿੰਗ ਸਰਕਲ ਲਾਲੜੂ ਦੇ ਪ੍ਰਧਾਨ ਸ. ਅਮਰੀਕ ਸਿੰਘ ਦੀ ਇਸ ਗੱਲ 'ਤੇ ਭਰਪੂਰ ਪ੍ਰਸੰਸਾ ਕੀਤੀ ਕਿ ਉਸ ਨੇ ਰਿਕਾਰਡ ਘੱਟ ਸਮੇਂ ਵਿਚ ਇਸ ਸਿਖੀ ਦੇ ਤੌਰ 'ਤੇ ਪਛੜੇ ਹੋਏ ਇਲਾਕੇ ਵਿਚ ਯੂਥ ਵਿੰਗ ਨੂੰ ਜਥੇਬੰਦ ਕਰਕੇ ਨੌਜਵਾਨਾਂ ਨੂੰ ਸਿਖੀ ਧਾਰਾ ਵਿਚ ਲਿਆਂਦਾ। ਉਨ੍ਹਾਂ ਕਿਹਾ ਕਿ ਅਜਿਹੇ ਇਲਾਕੇ ਨੂੰ ਹਰਿਆਣਾ ਵਿਚ ਨਹੀਂ ਜਾਣ ਦਿਤਾ ਜਾਵੇਗਾ। ਉਨ੍ਹਾਂ ਨੇ ਸਿਖਿਆ ਮੰਤਰੀ ਵਲੋਂ ਤਸਿੰਬਲੀ ਪਿੰਡ ਦੇ ਪ੍ਰਾਇਮਰੀ ਸਕੂਲ ਬਿਲਡਿੰਗ ਵਾਸਤੇ ਅੱਸੀ ਹਜ਼ਾਰ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ।

ਯੂਥ ਵਿੰਗ ਦੇ ਪ੍ਰਧਾਨ ਸ. ਚੰਦੂਮਾਜਰਾ ਨੇ ਆਪਣੇ ਭਾਸ਼ਨ ਦੌਰਾਨ ਇਸ ਇਲਾਕੇ ਵਿਚ ਯੂਥ ਵਿੰਗ ਦੀ ਮਜ਼ਬੂਤ ਸ਼ਾਖ ਬਣਨ ਤੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿਤੀ ਅਤੇ ਕਿਹਾ ਕਿ ਯੂਥ ਵਿੰਗ ਇਸ ਇਲਾਕੇ ਦੀ ਪ੍ਰਗਤੀ ਵਾਸਤੇ ਯਤਨਸ਼ੀਲ ਰਹੇਗਾ। ਯੂਥ ਵਿੰਗ ਜ਼ਿਲਾ ਪਟਿਆਲਾ ਦੇ ਪ੍ਰਧਾਨ ਸ. ਦਰਬਾਰਾ ਸਿੰਘ ਸਿਓਨਾ ਅਤੇ ਸਰਕਲ ਲਾਲੜੂ ਦੇ ਪ੍ਰਧਾਨ ਸ. ਅਮਰੀਕ ਸਿੰਘ ਨੇ ਇਲਾਕਾ ਨਿਵਾਸੀਆਂ ਨੂੰ ਯਕੀਨ ਦਿਵਾਇਆ ਕਿ ਯੂਥ ਵਿੰਗ ਇਲਾਕੇ ਦੀਆਂ ਮੁਸ਼ਕਲਾਂ ਦੂਰ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਹੋਰ ਤੇਜ਼ ਕਰੇਗਾ।

# ਗਿੱਲ ਵਲੋਂ "ਮਹੰਤ ਪ੍ਰਣਾਲੀ" ਖਤਮ ਕਰਨ ਦਾ ਸੁਝਾਅ

ਚੰਡੀਗੜ੍ਹ — ਗੋਆ ਦੇ ਸਾਬਕਾ ਲੈਫਟੀਨੈਂਟ ਗਵਰਨਰ ਅਤੇ ਸੀਨੀਅਰ ਅਕਾਲੀ ਆਗੂ ਕਰਨਲ ਪ੍ਰਤਾਪ ਸਿੰਘ ਗਿੱਲ ਨੇ ਕਿਹਾ ਹੈ ਕਿ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਵਾਲੀ "ਮਹੰਤ ਪ੍ਰਣਾਲੀ' ਖਤਮ ਕੀਤੀ ਜਾਵੇ। ਇਕ ਲਿਖਤੀ ਬਿਆਨੀ ਵਿਚ ਇਥੇ ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਖਾੜਕੂਆਂ ਨਾਲ ਸਮਝੌਤਾ ਤਾਂ ਹੀ ਸੰਭਵ ਹੈ ਜੇਕਰ ਸ. ਗੁਰਚਰਨ ਸਿੰਘ ਟੌਹੜਾ "ਮਹੰਤ ਪ੍ਰਣਾਲੀ" ਨੂੰ ਖਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਕਾਲ ਤਖਤ ਨੂੰ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਮੁੜ ਹਵਾਲੇ ਕਰਨਾ ਤਦ ਹੀ ਸੰਭਵ ਹੈ ਜਦੋਂ ਨਵੀਂ ਸ਼ਰੋਮਣੀ ਕਮੇਟੀ ਦੀ ਚੋਣ ਹੋ ਜਾਵੇ। ਕਰਨਲ ਗਿੱਲ ਨੇ ਕਿਹਾ ਕਿ ਅਜੋਕੀ ਸ਼ਰੋਮਣੀ ਕਮੇਟੀ ਅਤੇ ਸ. ਟੌਹੜਾ ਸਿੱਖ ਸੰਗਤ 'ਚੋਂ ਆਪਣਾ ਸਤਿਕਾਰ ਗੁਆ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਲਗਭਗ 500 ਸਿੱਖ ਨੌਜਵਾਨ ਪਾਕਿਸਤਾਨ ਦੀ ਹਿਰਾਸਤ ਵਿਚ ਹਨ ਤੇ ਉਨ੍ਹਾਂ ਵਿਚੋਂ 95 ਪ੍ਰਤੀਸ਼ਤ ਸਿੱਖ ਨੌਜਵਾਨ ਅਜਿਹੇ ਹਨ ਜੋ ਇਥੇ ਨਕਲੀ ਪੁਲੀਸ ਮੁਕਾਬਲਿਆਂ 'ਚ ਮਾਰੇ ਜਾਣ ਦੇ ਡਰੋਂ ਭੱਜ ਕੇ ਉਧਰ ਚਲੇ ਗਏ। ਇਹੋ ਵਜ੍ਹਾ ਹੈ ਕਿ ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਜ਼ਿਲਿਆਂ ਦੇ ਲਗਭਗ 50,000 ਸਿੱਖ ਪਰਿਵਾਰ "ਉਖੜੇ ਹੋਏ" ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਪਹਿਲਾ ਕੰਮ ਉਕਤ ਸਿੱਖ ਨੌਜਵਾਨਾਂ ਨੂੰ ਭਾਰਤ ਲਿਆਉਣਾ ਹੈ ਤੇ ਜੇਕਰ ਉਨ੍ਹਾਂ ਨੇ ਕਾਨੂੰਨਾਂ ਦੀ ਉਲੰਘਣਾ ਕੀਤੀ ਵੀ ਹੈ ਤਾਂ ਮੁਕੱਦਮੇ ਚਲਾ ਕੇ ਉਚਿਤ ਸਜ਼ਾ ਦਿਤੀ ਜਾ ਸਕਦੀ ਹੈ। ਕਰਨਲ ਗਿੱਲ ਨੇ ਕਿਹਾ ਕਿ ਕਾਂਗਰਸ ਸੰਸਦ ਮੈਂਬਰਾਂ ਨੂੰ ਵੀ ਚਾਹੀਦਾ ਹੈ ਕਿ ਅਮਨ ਕਾਨੂੰਨ ਦੀ ਸਥਿਤੀ ਦੇ ਸੰਦਰਭ ਚ ਬਰਨਾਲਾ ਸਰਕਾਰ ਨੂੰ ਬੁਰਾ ਭਲਾ ਕਹਿਣ ਦੀ ਬਜਾਏ ਉਹ ਪ੍ਰਧਾਨ ਮੰਤਰੀ ਨੂੰ ਕਹਿਣ ਕਿ ਪਾਕਿਸਤਾਨ ਚੋਂ 500 ਸਿੱਖ ਨੌਜਵਾਨਾਂ ਨੂੰ ਵਾਪਸ ਲਿਆਉਣ ਦਾ ਯਤਨ ਕੀਤਾ ਜਾਵੇ।

# ਸਥਿਤੀ ਕਾਬੂ 'ਚ ਨਹੀਂ ਆਉਂਦੀ ਤਾਂ ਨਵੀਆਂ ਚੋਣਾਂ ਕਰਾਉ — ਬੇਗ

ਜਲੰਧਰ — ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਮੁਹੰਮਦ ਆਰਿਫ਼ ਬੇਗ ਨੇ ਮੰਗ ਕੀਤੀ ਹੈ ਕਿ ਜੇ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੀ ਅਕਾਲੀ ਸਰਕਾਰ ਰਾਜ ਵਿਚ ਵੱਖਵਾਦੀ ਤੇ ਦਹਿਸ਼ਤਪਸੰਦ ਅਨਸਰਾਂ ਦੀਆਂ ਸਰਗਰਮੀਆਂ ਨੂੰ ਕਾਬੂ ਕਰਨ ਵਿਚ ਅਸਫਲ ਰਹੀ ਤਾਂ ਪੰਜਾਬ ਵਿਧਾਨ ਸਭਾ ਭੰਗ ਕਰਕੇ ਤਾਜ਼ਾ ਚੋਣਾਂ ਕਰਵਾਈਆਂ ਜਾਣ। ਸ੍ਰੀ ਬੇਗ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਨੂੰ ਹੋਰ ਮਜ਼ਬੂਤ ਤੇ ਪ੍ਰਫੁਲਤ ਵੇਖਣਾ ਚਾਹੁੰਦੀ ਹੈ ਪਰ ਉਨ੍ਹਾਂ ਮੁੱਖ ਮੰਤਰੀ ਸ. ਬਰਨਾਲਾ ਤੋਂ ਮੰਗ ਕੀਤੀ ਕਿ ਰਾਜ ਵਿਚੋਂ ਅਸੁਰੱਖਿਆ ਤੇ ਅਨਿਸਚਿਤਤਾ ਦਾ ਖਾਤਮਾ ਕਰ ਕੇ ਫਿਰਕੂ ਸਦਭਾਵਨਾ ਤੇ ਸ਼ਾਂਤੀ ਲਈ ਗੰਭੀਰ ਯਤਨ ਕੀਤੇ ਜਾਣ। ਭਾਜਪਾ ਇਸ ਸਬੰਧ ਵਿਚ ਅਕਾਲੀ ਸਰਕਾਰ ਨੂੰ ਹਰ ਸੰਭਵ ਹਮਾਇਤ ਤੇ ਸਹਿਯੋਗ ਦੇਵੇਗੀ।

ਇਥੋਂ 35 ਕਿਲੋਮੀਟਰ ਬਹਿਰਾਮ ਵਿਖੇ ਗੁਰੂ ਰਵੀਦਾਸ ਦੇ 609ਵੇਂ ਜਨਮ ਦਿਵਸ ਦੇ ਸਬੰਧ ਵਿਚ ਕਰਾਏ ਗਏ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਭੋਗ ਸਮੇਂ ਬੋਲਦਿਆਂ ਸ੍ਰੀ ਆਰਿਫ ਬੇਗ ਨੇ ਖੇਦ ਪ੍ਰਗਟ ਕੀਤਾ ਕਿ ਲੋਕ ਧਰਮ ਤੇ ਭਾਸ਼ਾ ਦੇ ਨਾਵਾਂ ਉਤੇ ਆਪਸ ਵਿਚ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀਆਂ ਜਾਨਾਂ ਦੇਸ਼ ਉਤੋਂ ਇਸ ਲਈ ਕੁਰਬਾਨ ਨਹੀਂ ਕੀਤੀਆਂ ਸਨ ਕਿ ਧਰਮ ਤੇ ਭਾਸ਼ਾ ਦੇ ਨਾਂਅ ਉਤੇ ਸੂਬੇ ਬਣਦੇ ਰਹਿਣ। ਸ੍ਰੀ ਆਰਿਫ ਜੋ ਮੋਰਾਰ ਜੀ ਡਿਸਾਈ ਮੰਤਰੀ ਮੰਡਲ ਵਿਚ ਵਪਾਰ ਰਾਜ ਮੰਤਰੀ ਸਨ, ਨੇ ਕਿਹਾ ਕਿ ਆਪਸੀ ਭਰੋਸੇ ਤੇ ਪਿਆਰ ਨਾਲ ਹੀ ਪੰਜਾਬ ਸਮੇਤ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਦੀਆਂ ਹਨ।

# ਸਰਕਾਰ ਨੂੰ ਤੋੜਨ ਦੀ ਸਾਜ਼ਸ਼ ਰਚਣ ਦਾ ਦੋਸ਼

ਅੰਮ੍ਰਿਤਸਰ — ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਭਾਨ ਸਿੰਘ ਨੇ ਇਥੇ ਦੋਸ਼ ਲਾਇਆ ਕਿ ਪੰਜਾਬ ਦੇ ਕੁਝ ਨਿਰਾਸ਼ ਹੋਏ ਕਾਂਗਰਸ(ਇ) ਨੇਤਾ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਨੂੰ ਤੋੜਨ ਦੀ ਸਾਜ਼ਸ਼ ਰਚਾ ਰਹੇ ਹਨ।


S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

autoplan

RENEW EARLY INSURANCE

* FINANCING AVAILABLE
* SAFE DRIVING DISCOUNT (if eligible)

Ph. 324-5711



ਹਰਦੇਵ ਸਿੰਘ ਗਿੱਲ

324-5711

# ਹਤਿਆਰੇ ਦੇ ਕੱਪੜੇ ਮਿਲੇ

ਸਟਾਕਹੋਮ — ਸਵੀਡਨ ਦੇ ਮਰਹੂਮ ਪ੍ਰਧਾਨ ਮੰਤਰੀ ਓਲਫ ਪਾਮੇ ਦੀ ਪਤਨੀ ਸ੍ਰੀਮਤੀ ਲਿਜ਼ਬੇਥ ਨੇ ਕਿਹਾ ਹੈ ਕਿ ਉਸ ਦੇ ਪਤੀ ਦੇ ਹਤਿਆਰੇ ਨੇ ਬਿਨਾ ਕੁਝ ਬੋਲਿਆਂ ਗੋਲੀ ਚਲਾਈ। ਉਸ ਨੇ ਇਹ ਵੀ ਕਿਹਾ ਕਿ ਉਹ ਹਤਿਆਰੇ ਨੂੰ ਪਹਿਚਾਣ ਸਕਦੀ ਹੈ। ਸ੍ਰੀਮਤੀ ਪਾਮੇ ਨੇ ਪੁਲੀਸ ਨੂੰ ਦੱਸਿਆ ਕਿ ਉਸ ਨੇ ਪਹਿਲਾਂ ਤਾਂ ਇਹ ਸਮਝਿਆ ਕਿ ਪਿਸਤੌਲਧਾਰੀ ਹਤਿਆਰਾ ਨਕਲੀ ਪਿਸਤੌਲ ਰਾਹੀਂ ਪਟਾਕੇ ਚਲਾ ਰਿਹਾ ਹੈ। ਉਦੋਂ ਉਹ ਆਪਣੇ ਪਤੀ ਤੋਂ ਕੁਝ ਕਦਮ ਅੱਗੇ ਸੀ। ਜਿਵੇਂ ਹੀ ਉਹ ਆਪਣੇ ਪਤੀ ਨੂੰ ਇਨ੍ਹਾਂ 'ਪਟਾਕਿਆਂ' ਬਾਰੇ ਕੁਝ ਕਹਿਣ ਲਈ ਮੁੜੀ, ਉਸ ਨੇ ਸ੍ਰੀ ਪਾਮੇ ਨੂੰ ਫੁਟਪਾਥ ਉਤੇ ਡਿਗਦਿਆਂ ਵੇਖਿਆ। ਸ੍ਰੀਮਤੀ ਪਾਮੇ ਅਨੁਸਾਰ ਹਤਿਆਰੇ ਨੇ ਸ੍ਰੀ ਪਾਮੇ 'ਤੇ ਦੋ ਗੋਲੀਆਂ ਚਲਾਈਆਂ ਜਿਨ੍ਹਾਂ ਵਿਚੋਂ ਇਕ ਜਾਨਲੇਵਾ ਸਾਬਤ ਹੋਈ। ਉਸ ਨੇ ਵਿਚਾਰ ਪ੍ਰਗਟ ਕੀਤਾ ਕਿ ਹਤਿਆਰਾ ਕਈ ਦਿ ਨਾਂ ਤੋਂ ਪਾਮੇ ਪਰਿਵਾਰ ਦੇ ਘਰ ਦੇ ਨੇੜੇ ਤੇੜੇ ਘੁੰਮਦਾ ਨਜ਼ਰ ਆਇਆ ਸੀ।

ਇਸੇ ਦੌਰਾਨ ਸਟਾਕਹੋਮ ਪੁਲੀਸ ਦੇ ਇਕ ਤਰਜਮਾਨ ਨੇ ਦੱਸਿਆ ਕਿ ਪੁਲੀਸ ਨੂੰ ਪਲਾਸਟਿਕ ਦੇ ਇਕ ਝੋਲੇ ਵਿਚੋਂ ਕੱਪੜੇ ਮਿਲੇ ਹਨ ਜਿਹੜੇ ਕਿ 59 ਸਾਲਾ ਪ੍ਰਧਾਨ ਮੰਤਰੀ ਦੇ ਹਤਿਆਰੇ ਦੇ ਕੱਪੜਿਆਂ ਦੇ ਹੁਲੀਏ ਨਾਲ ਮੇਲ ਖਾਂਦੇ ਹਨ।

ਉਧਰ, ਸਵੀਡਨ ਦੇ ਸਿਆਸੀ ਹਲਕਿਆਂ ਵਿਚ ਇਕ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਹਤਿਆਰਾ ਕੋਈ ਵਿਦੇਸ਼ੀ ਸੀ। ਸਿਆਸੀ ਪੰਡਤਾਂ ਦੀ ਰਾਏ ਹੈ ਕਿ ਕੋਈ ਵੀ ਸਵੀਡਿਸ਼ ਨਾਗਰਿਕ ਅਜਿਹਾ ਸੰਗੀਨ ਅਪਰਾਧ ਨਹੀਂ ਕਰ ਸਕਦਾ। ਉਂਜ ਵੀ, ਸਵੀਡਨ ਦੇ ਸਿਆਸੀ ਇਤਿਹਾਸ ਵਿਚ ਪਿਛਲੇ 300 ਸਾਲਾਂ ਦੌਰਾਨ ਸਿਆਸੀ ਹੱਤਿਆ ਦੀ ਇਹ ਪਹਿਲੀ ਘਟਨਾ ਹੈ। ਸਿਆਸੀ ਪੰਡਤਾਂ ਅਨੁਸਾਰ ਇਹ ਹੱਤਿਆ ਪਿਛੋਂ ਦੇਸ਼ ਵਿਚ ਵਿਦੇਸ਼ੀ ਪਰਵਾਸੀਆਂ ਵਿਰੁਧ ਰੋਸ ਦੀ ਲਹਿਰ ਪੈਦਾ ਹੋਣ ਦਾ ਖਤਰਾ ਹੈ। ਇਥੇ ਵਰਨਣਯੋਗ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਸਵੀਡਨ ਵਿਚ ਬਹੁਤ ਸਾਰੇ ਸਿਆਸੀ ਸ਼ਰਨਾਰਥੀ ਆ ਵਸੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਸਬੰਧ ਲਾਤੀਨੀ ਅਮਰੀਕਾ ਤੇ ਮੱਧ ਪੂਰਬ ਨਾਲ ਹੈ।

# ਮੈਂ ਅਹੁਦਾ ਨਹੀਂ ਛੱਡਣਾ — ਕਾਰਮਲ

ਮਾਸਕੋ — ਅਫਗਾਨਿਸਤਾਨ ਦੇ ਰਾਸ਼ਟਰਪਤੀ ਬਬਰਕ ਕਾਰਮਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਸਵੈਇੱਛਤ ਤੌਰ ਉਤੇ ਅਹੁਦਾ ਤਿਆਗਣ ਦਾ ਕੋਈ ਇਰਾਦਾ ਨਹੀਂ। ਇਥੇ ਇਕ ਪਰੈਸ ਕਾਨਫਰੰਸ ਵਿਚ ਇਸ ਸਵਾਲ ਦੇ ਜਵਾਬ ਵਿਚ ਕਿ ਜੇਕਰ ਉਨ੍ਹਾਂ ਦਾ ਅਹੁਦਾ ਅਫਗਾਨ ਮਸਲੇ ਦੇ ਸਿਆਸੀ ਹੱਲ ਵਿਚ ਅੜਿੱਕਾ ਡਾਹੁੰਦਾ ਹੈ ਤਾਂ ਕੀ ਉਹ ਆਪਣਾ ਅਹੁਦਾ ਛੱਡ ਦੇਣਗੇ, ਸ੍ਰੀ ਕਾਰਮਲ ਨੇ ਕਿਹਾ "ਕੋਈ ਵੀ ਇਨਕਲਾਬੀ ਆਪਣੀ ਮਰਜ਼ੀ ਨਾਲ ਆਪਣਾ ਅਹੁਦਾ ਨਹੀਂ ਛੱਡਦਾ। ਉਹ ਤਾਂ ਸਿਰਫ ਲੋਕਾਂ ਜਾਂ ਆਪਣੀ ਪਾਰਟੀ ਦੇ ਫੈਸਲੇ ਪਿਛੋਂ ਹੀ ਆਪਣਾ ਅਹੁਦਾ ਤਿਆਗਣ ਲਈ ਰਾਜੀ ਹੋ ਸਕਦਾ ਹੈ।"

# ਢਾਈ ਲੱਖ ਲੈਣ ਲਈ ਲੱਖ ਦੀ ਰਿਸ਼ਵਤ

ਚੰਡੀਗੜ੍ਹ — ਹਰਿਆਣਾ ਵਿਚ ਦੰਗਾਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਲੈਣ ਲਈ ਵੀ ਰਿਸ਼ਵਤ ਦੇਣੀ ਪਈ। ਜਾਣਕਾਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਨਵੰਬਰ ਦੇ ਫਸਾਦਾਂ ਸਮੇਂ ਹਰਿਆਣਾ ਦੇ ਦਿੱਲੀ ਨੇੜਲੇ ਇਕ ਸ਼ਹਿਰ ਵਿਚ ਇਕ ਸਿੱਖ ਸਨਅਤਕਾਰ ਦਾ ਮਕਾਨ ਤੇ ਬੇਕਰੀ ਫਸਾਦੀਆਂ ਨੇ ਫੂਕ ਦਿਤੀ ਸੀ ਜਿਸ ਕਾਰਨ ਉਸ ਸਨਅਤਕਾਰ ਨੂੰ ਲਗਭਗ ਦਸ ਲੱਖ ਰੁਪਏ ਦਾ ਨੁਕਸਾਨ ਹੋਇਆ।

ਸਰਕਾਰ ਵਲੋਂ ਇਸ ਨੁਕਸਾਨ ਦਾ ਚੌਥਾਈ ਮੁਆਵਜ਼ਾ ਦਿਤਾ ਗਿਆ ਪਰ ਇਕ ਚੌਥਾਈ ਮੁਆਵਜ਼ਾ ਲੈਣ ਲਈ ਉਕਤ ਸਨਅਤਕਾਰ ਨੂੰ ਇਕ ਲੱਖ ਰੁਪਏ ਦੀ ਰਿਸ਼ਵਤ ਦੇਣੀ ਪਈ। ਉਕਤ ਸਨਅਤਕਾਰ ਦੇ ਨਜ਼ਦੀਕੀਆਂ ਅਨੁਸਾਰ ਕੋਈ ਵੀ ਅਧਿਕਾਰੀ ਮੁੱਠੀ ਗਰਮ ਕਰਾਏ ਬਿਨਾਂ ਮੁਆਵਜ਼ੇ ਦੇ ਕੇਸ ਦੀ ਫਾਈਲ ਅਗਾਂਹ ਤੋਰਨ ਲਈ ਤਿਆਰ ਨਹੀਂ ਸੀ।

# ਕਰਜ਼ਾ ਨਾ ਮੋੜਨ 'ਤੇ ਕਾਂਗਰਸੀ ਆਗੂ ਗ੍ਰਿਫਤਾਰ

ਮੋਰਿੰਡਾ — ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਸੰਯੁਕਤ ਸਕੱਤਰ ਸ੍ਰੀ ਹਰਜੀਤ ਸਿੰਘ ਮਾਣੇਮਾਜਰਾ ਨੂੰ ਸਹਿਕਾਰੀ ਐਕਟ ਦੀ ਧਾਰਾ 67-ਏ ਅਧੀਨ ਕਰਜ਼ੇ ਦੀ ਅਦਾਇਗੀ ਨਾ ਕਰਨ ਦੇ ਸਬੰਧ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਸ੍ਰੀ ਹਰਜੀਤ ਸਿੰਘ ਨੇ ਚਮਕੌਰ ਸਾਹਿਬ ਖੇਤੀ ਸਹਿਕਾਰੀ ਸਭਾ ਦੇ 16,165 ਰੁਪਏ ਅਦਾ ਕਰਨੇ ਸਨ ਅਤੇ ਉਨ੍ਹਾਂ ਦੇ ਧਾਰਾ 67-ਏ ਅਧੀਨ ਵਾਰੰਟ ਜਾਰੀ ਸਨ। ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਰੋਪੜ ਦੀ ਹਦਾਇਤ 'ਤੇ ਉਸ ਨੂੰ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੇ ਹਮਾਇਤੀ ਸ੍ਰੀ ਗੁਰਦੇਵ ਸਿੰਘ ਹਫਸਾਬਾਦ ਨੇ ਕਰਜ਼ੇ ਦੀ ਤੁਰਤ ਅਦਾਇਗੀ ਕਰ ਦਿੱਤੀ ਜਿਸ 'ਤੇ ਉਨ੍ਹਾਂ ਨੂੰ ਰਿਹਾਅ ਕਰ ਦਿਤਾ ਗਿਆ।

# ਦੇਸ਼ ਭਗਤਾਂ ਦੀ ਯਾਦਗਾਰ "ਗ਼ਦਰ ਮੈਮੋਰੀਅਲ"

ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ। ਅਣਖੀਲੀ ਕੌਮ ਕਦੀ ਵੀ ਆਪਣੇ ਸ਼ਹੀਦਾਂ ਦਾ ਨਾਂ ਮਿਟਣ ਨਹੀਂ ਦਿੰਦੀ। ਸੰਸਾਰ ਭਰ ਵਿਚ ਕੌਮਾਂ ਆਪਣੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਂਦੀਆਂ ਹਨ, ਉਹਨਾਂ ਯਾਦਗਾਰਾਂ ਤੇ ਮੇਲੇ ਲਗਦੇ ਹਨ, ਤੇ ਉਹਨਾਂ ਸੂਰਮਿਆਂ ਦੀ ਉਸਤਤ ਵਿਚ ਗੀਤ ਗਾਏ ਜਾਂਦੇ ਹਨ ਜਿਹਨਾਂ ਨੇ ਆਪਣੀਆਂ ਜਾਨਾਂ ਆਪਣੇ ਦੇਸ਼ ਕੌਮ ਤੇ ਮਨੁੱਖਤਾ ਦੇ ਭਲੇ ਲਈ ਜਬਰ ਤੇ ਤਸ਼ੱਦਦ ਦੇ ਖਿਲਾਫ ਲੜਦੇ ਲੜਦੇ ਵਾਰ ਦਿੱਤੀਆਂ। ਭਾਰਤੀ ਇਤਿਹਾਸ ਵਿਚ ਵੀ ਅਜਿਹੇ ਬਹੁਤ ਸੂਰਮੇਂ ਸ਼ਹੀਦ ਹੋਏ ਹਨ ਜਿਹਨਾਂ ਨੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਖਤਮ ਹੋਣ ਤਕ ਸੰਘਰਸ਼ ਦਾ ਹੋਕਾ ਦਿਤਾ। ਪਰ ਪੂੰਜੀਵਾਦੀ ਢਾਂਚੇ ਨੇ ਆਪਣੀ ਹੋਂਦ ਤੇ ਆਪਣੀ ਲੁੱਟ ਕਾਇਮ ਰਖਣ ਲਈ ਇਹਨਾਂ ਸ਼ਹੀਦਾਂ ਨੂੰ ਭੁਲਾ ਦਿਤਾ ਜਾਂ ਲੋਕਾਂ ਵਿਚ ਉਜਾਗਰ ਨਾ ਹੋਣ ਦਿਤਾ ਜਾਂ ਫਿਰ ਵਾਹ ਲਗਦੀ ਉਹਨਾਂ ਦੇ ਅਸਲੀ ਨਿਸ਼ਾਨਿਆਂ ਨੂੰ ਅਖੋਂ ਪਰੋਖੇ ਕਰਨ ਦੀ ਕੋਸ਼ਿਸ਼ ਕੀਤੀ ਤੇ ਲੋਕਾਂ ਤੱਕ ਉਹਨਾਂ ਸ਼ਹੀਦਾਂ ਦਾ ਅਸਲੀ ਲੜਾਈ ਦਾ ਨਿਸ਼ਾਨਾ ਉਜਾਗਰ ਨਾ ਹੋਣ ਦਿਤਾ। ਗਦਰ ਲਹਿਰ ਵੀ ਇਸੇ ਤਰ੍ਹਾਂ ਦੀ ਇਕ ਇਨਕਲਾਬੀ ਲਹਿਰ ਸੀ ਜੋ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਉਠੀ ਸੀ। ਅੰਗਰੇਜ਼ੀ ਸਾਮਰਾਜ ਨੇ ਗ਼ਦਰ ਪਾਰਟੀ ਦੇ ਕਰਤਾਰ ਸਿੰਘ ਸਰਾਭਾ, ਵਿਜੇ ਪਿੰਗਲੇ, ਬਰਕਤ ਅਲੀ ਤੇ ਕਾਂਸੀ ਰਾਮ ਜਿਹੇ 145 ਗ਼ਦਰੀ ਸੂਰਬੀਰਾਂ ਨੂੰ ਫਾਂਸੀ ਤੇ ਲਟਕਾ ਦਿਤਾ। ਸਰਕਾਰੀ ਰਿਪੋਰਟਾਂ ਮੁਤਾਬਕ 8000 ਗਦਰੀਆਂ ਨੂੰ ਅਜਿਹੀਆਂ ਹੋਰ ਸਜਾਵਾਂ ਦਿਤੀਆਂ ਗਈਆਂ। ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੇ ਅੰਗਰੇਜ਼ੀ ਸਾਮਰਾਜ ਦੀਆਂ ਨੀਂਹਾਂ ਨੂੰ ਹਿਲਾ ਕੇ ਰਖ ਦਿਤਾ। ਸਾਮਰਾਜ ਦੇ ਥੱਲੇ ਦੱਬੇ ਲੋਕਾਂ ਨੂੰ ਝੰਜੋੜ ਕੇ ਉਠਣ ਲਈ ਮਜ਼ਬੂਰ ਕਰ ਦਿਤਾ, ਅਮਰੀਕਾ ਵਿਚ ਪੜ੍ਹਨ ਆਏ ਜਾਂ ਰੋਜ਼ੀ ਕਮਾਉਣ ਆਏ ਲੋਕਾਂ ਨੂੰ ਐਸਾ ਹਲੂਣਾ ਦਿਤਾ ਕਿ ਉਹ ਭਾਰਤ ਦੀਆਂ ਗੁਲਾਮੀਆਂ ਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਸਮੁੰਦਰਾਂ ਵਿਚੋਂ ਦੀ ਭਾਰਤ ਵੱਲ ਨੂੰ ਠਿੱਲ ਪਏ। 1857 ਦੇ ਗਦਰ ਤੋਂ ਬਾਅਦ ਇਹ ਦੂਜਾ ਮੌਕਾ ਸੀ ਜਦੋਂ ਭਾਰਤ ਦੀ ਆਜ਼ਾਦੀ ਵਾਸਤੇ ਲੋਕ ਉਠੇ ਹੋਣ, ਤੇ ਆਜ਼ਾਦੀ ਲਈ ਲੜਨ ਵਾਲੇ ਸੂਰਮਿਆਂ ਨੇ ਆਪਣੀ ਲਹਿਰ ਨੂੰ ਦੂਜੇ ਮੁਲਕਾਂ ਦੀਆਂ ਆਜ਼ਾਦੀਆਂ ਦੀਆਂ ਲਹਿਰਾਂ ਨਾਲ ਜੋੜਿਆ ਹੋਵੇ। ਇਹ ਪਹਿਲਾ ਵੇਲਾ ਸੀ ਜਦੋਂ ਲਿਖਤੀ ਪੈਗਾਮ ਲੋਕਾਂ ਤਕ ਪਹੁੰਚਾਏ ਗਏ ਹੋਣ, ਆਜ਼ਾਦੀ ਲਈ ਜਾਗਰਤੀ ਪੈਦਾ ਕਰਨ ਲਈ ਇਨਕਲਾਬੀ ਸਾਹਿਤ ਰਚਿਆ ਗਿਆ ਹੋਵੇ। ਇਹ ਕੰਮ ਬੜੇ ਹੀ ਸੁਚੱਜੇ ਤਰੀਕੇ ਨਾਲ ਗ਼ਦਰੀਆਂ ਨੇ ਕੀਤਾ। ਗ਼ਦਰ ਪਾਰਟੀ ਨੇ ਆਪਣੀ ਪਰੈਸ ਵੀ ਚਲਾਈ ਤੇ ਆਜ਼ਾਦੀ ਦੀ ਲੜਾਈ ਦਾ ਹੋਕਾ ਆਪਣੇ ਲੋਕਾਂ ਤੱਕ ਪਹੁੰਚਦਾ ਕੀਤਾ।

ਆਜ਼ਾਦੀ ਦੀ ਲੜਾਈ ਲੜੀ ਗਈ, ਅੰਗਰੇਜ਼ ਸਾਮਰਾਜ ਨੂੰ ਭਾਰਤ ਛੱਡਣਾ ਪਿਆ, ਪਰ ਜਾਂਦੇ ਵਕਤ ਅੰਗਰੇਜ਼ ਸਾਮਰਾਜ ਨੇ ਭਾਰਤ ਦੇ ਟੋਟੇ ਟੋਟੇ ਕਰ ਦਿਤੇ। ਲੋਕਾਂ ਵਿਚ ਫਿਰਕੂ ਜ਼ਹਿਰ ਫੈਲਾ ਦਿਤਾ ਤੇ ਭਾਰਤ ਦੀ ਵਾਗਡੋਰ ਭਾਰਤੀ ਪੂੰਜੀਪਤੀਆਂ ਦੇ ਹੱਥ ਦੇ ਕੇ ਚਲੇ ਗਏ, ਤੇ ਭਾਰਤੀ ਮਜ਼ਦੂਰ ਦੀ ਲੁੱਟ ਦਾ ਨਵਾਂ ਦੌਰ ਸ਼ੁਰੂ ਹੋ ਗਿਆ। ਜਿਹੜੀ ਆਜ਼ਾਦੀ ਸਾਨੂੰ ਮਿਲੀ ਇਹ ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਨਹੀਂ ਕਿਆਸੀ ਸੀ। ਗ਼ਦਰ ਪਾਰਟੀ ਭਾਰਤ ਦੀ ਵੰਡ ਦੇ ਖਿਲਾਫ ਸੀ ਤੇ ਲੋਕਰਾਜ ਦੀ ਹਾਮੀ ਸੀ ਉਹਨਾਂ ਨੇ ਉਸ ਵਕਤ ਤਕ ਲੜਾਈ ਦਾ ਹੋਕਾ ਦਿਤਾ ਜਦ ਤਕ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ। ਦੂਜੇ ਲਫਜ਼ਾਂ ਵਿਚ ਆਜ਼ਾਦੀ ਦੀ ਲੜਾਈ ਅਜ ਵੀ ਜਾਰੀ ਹੈ। (ਇਕ ਮੁਠ ਭਾਰਤ ਦੀ ਆਜ਼ਾਦੀ ਦੀ ਲੜਾਈ, ਗ਼ਦਰ ਪਾਰਟੀ ਦੇ ਨਕਸ਼ੇ ਮੁਤਾਬਿਕ ਅਫਗਾਨਸਤਾਨ ਦੀ ਹੱਦ ਤੋਂ ਬਰਮਾ ਤੱਕ ਦਾ ਭਾਰਤ) ਤੇ ਇਹ ਲੜਾਈ ਜਾਰੀ ਰਹੇਗੀ ਜਦ ਤਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ। ਸੁਆਲ ਪੈਦਾ ਹੁੰਦਾ ਹੈ ਕਿ ਇਸ ਲੜਾਈ ਨੂੰ ਅਸੀਂ ਕਿਵੇਂ ਜਾਰੀ ਰਖ ਸਕਦੇ ਹਾ? ਸਾਡੇ ਕੋਲ ਵਸੀਲੇ ਕੀ ਹਨ? ਅਸੀਂ ਲੋਕਾਂ ਤਕ ਕਿਵੇਂ ਪਹੁੰਚਣਾ ਹੈ? ਲੋਕਾਂ ਦੀ ਏਕਤਾ ਵਾਸਤੇ ਸਾਨੂੰ ਕੀ ਕਰਨਾ ਚਾਹੀਦਾ ਹੈ? ਇਹ ਕੁਝ ਸਵਾਲ ਹਨ ਜੋ ਸਾਡੀ ਹਰ ਬਹਿਸ ਦਾ ਹਿਸਾ ਬਨਣੇ ਚਾਹੀਦੇ ਹਨ। ਇਸ ਤਰ੍ਹਾਂ ਦੀਆਂ ਬਹਿਸਾਂ ਵਾਸਤੇ ਸਾਨੂੰ ਇਕ ਚੰਗੇ ਧਰਮ ਨਿਰਪੱਖ ਪਲੇਟਫਾਰਮ ਦੀ ਲੋੜ ਹੈ ਜਿਥੇ ਅਸੀਂ ਸਭ ਭਾਰਤੀ ਧਰਮਾਂ ਕਬੀਲਿਆਂ ਤੇ ਜਾਤਾਂ ਤੋਂ ਉਚੇ ਉਠਕੇ ਇਸ ਬਹਿਸ ਨੂੰ ਅਗੇ ਤੋਰ ਸਕੀਏ।

ਗਦਰੀ ਬਾਬਿਆਂ ਨੇ ਆਪਣੀਆਂ ਅਜਿਹੀਆਂ ਬਹਿਸਾਂ ਲਈ ਧਾਰਮਿਕ ਥਾਵਾਂ ਨੂੰ ਵੀ ਵਰਤਿਆ। ਪਰ ਆਉ ਜ਼ਰਾ ਸੋਚੀਏ ਕਿ ਕੀ ਅਸੀਂ ਅਜ ਵੀ ਇਹਨਾਂ ਥਾਵਾਂ ਨੂੰ ਲੋਕ ਪੱਖੀ ਪਰਚਾਰ ਵਾਸਤੇ ਵਰਤ ਸਕਦੇ ਹਾ? ਕੋਈ ਵੇਲਾ ਸੀ ਗੁਰਦਵਾਰਿਆਂ ਜਾਂ ਮੰਦਰਾਂ ਵਿਚ ਲੋਕੀ ਧਾਰਮਿਕ ਪੂਜਾ ਪਾਠ ਵਾਸਤੇ ਜਾਂਦੇ ਸਨ। ਪਰ ਅਜ ਜਦੋਂ ਇਨ੍ਹਾਂ ਥਾਵਾਂ ਤੇ ਜਾਈਦਾ ਹੈ ਤਾਂ ਉਥੇ ਲੋਕਾਂ ਦੇ ਖਿਲਾਫ ਪਰਚਾਰ ਕੀਤਾ ਜਾਂਦਾ ਹੈ। ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਦੇ ਲੋਕਾਂ ਨਾਲ ਲੜਨ ਵਾਸਤੇ ਉਕਸਾਇਆ ਜਾਂਦਾ ਹੈ। ਲੋਕਾਂ ਵਿਚ ਇਕ ਝੂਠਾ ਵਹਿਮ ਭਰਿਆ ਜਾਂਦਾ ਹੈ ਕਿ ਤੇਰਾ ਧਰਮ ਸਭ ਧਰਮਾਂ ਤੋਂ ਉਚਾ ਹੈ ਬਾਕੀ ਸਭ ਧਰਮ ਉਸ ਤੋਂ ਨੀਵੇਂ ਹਨ। ਧਰਮ ਨੂੰ ਰਾਜਨੀਤੀ ਦੇ ਤੌਰ ਤੇ ਵਰਤਿਆ ਜਾਂਦਾ ਹੈ। ਅੱਜ ਮੰਦਰਾਂ ਤੇ ਗੁਰਦਵਾਰਿਆਂ ਵਿਚ ਸਿਖਾਂ ਨੂੰ ਹਿੰਦੂਆਂ ਖਿਲਾਫ, ਤੇ ਹਿੰਦੂਆਂ ਨੂੰ ਸਿੱਖਾਂ ਖਿਲਾਫ ਲੜਾਣ ਲਈ ਤਕਰੀਰਾਂ ਕੀਤੀਆਂ ਜਾਂਦੀਆਂ ਹਨ। ਇਕੋ ਕੌਮੀਅਤ ਦੇ ਭਰਾ ਭਰਾ ਲੋਕਾਂ ਨੂੰ ਲੜਾਨ ਵਾਸਤੇ ਜਾਂ ਤਾਂ ਸਾਮਰਾਜੀ ਤਾਕਤਾਂ ਹੱਥ ਕੰਡੇ ਅਪਣਾਂਦੀਆਂ ਸਨ ਜਾਂ ਫਿਰ ਅਜ ਉਹੀ ਰੋਲ ਗੁਰਦਵਾਰੇ ਤੇ ਮੰਦਰ ਨਿਭਾ ਰਹੇ ਹਨ। ਗਦਰੀ ਬਾਬੇ ਭਾਰਤ ਨੂੰ ਆਜ਼ਾਦ ਤੇ ਇਕ ਮੁਠ ਵੇਖਣਾ ਚਾਹੁੰਦੇ ਸਨ ਤੇ ਇਹ ਜਨੂੰਨੀ ਵਖਰੇ ਮੁਲਕ ਦੀਆਂ ਗੱਲਾਂ ਕਰਦੇ ਥੱਕਦੇ ਨਹੀਂ। ਵੈਸੇ ਵੀ ਜੇਕਰ ਇਹਨਾਂ ਅਖੌਤੀ ਧਾਰਮਿਕ ਥਾਵਾਂ ਦੇ ਪਿਛੋਕੜ ਤੇ ਝਾਤੀ ਮਾਰੀਏ ਤਾਂ ਇਤਿਹਾਸ ਗਵਾਹ ਹੈ ਕਿ ਜਦੋਂ ਗਦਰੀ ਬਾਬੇ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਸਨ ਉਸ ਵਕਤ ਅੰਗਰੇਜ਼ ਸਾਮਰਾਜ ਦੀ ਹਮਾਇਤ ਕਰਦਿਆਂ ਉਸ ਵਕਤ ਦੇ ਅਕਾਲ ਤਖਤ ਦੇ ਜਥੇਦਾਰ ਨੇ ਇਹਨਾਂ ਗਦਰੀਆਂ ਵਿਰੁੱਧ ਫਤਵਾ ਦਿੰਦਿਆਂ ਕਿਹਾ ਸੀ ਕਿ ਇਹ 'ਸਿਖ' ਹੀ ਨਹੀਂ ਹਨ। ਤੇ ਅਜ ਵੀ ਜਦੋਂ ਇਹ ਜਨੂੰਨੀ ਵਖਰੇ ਮੁਲਕ ਲਈ ਤਕਰੀਰਾਂ ਕਰਦੇ ਹਨ ਉਸ ਵਕਤ ਝੂਠ ਦਾ ਸਹਾਰਾ ਲੈਂਦੇ ਹੋਏ ਗ਼ਦਰੀ ਬਾਬਿਆਂ ਨੂੰ ਵੀ ਵਿਚ ਘਸੀਟਦੇ ਹਨ। ਸੋ ਵੇਖਣਾ ਇਹ ਹੈ ਕਿ ਕੀ ਇਹ ਪਰਚਾਰ ਸਾਨੂੰ ਗਦਰੀ ਬਾਬਿਆਂ ਦੇ ਨਿਸ਼ਾਨੇ ਤੋਂ ਨਹੀਂ ਖਦੇੜ ਰਿਹਾ? ਜੇ ਹਾਂ! ਤਾਂ ਅਸੀਂ ਇਹ ਪਰਚਾਰ ਕਿਉਂ ਸੁਣੀਏ ਜੋ ਭਰਾ ਨੂੰ ਭਰਾ ਦੇ ਹੱਥੋਂ ਮਾਰਨ ਲਈ ਕੀਤਾ ਜਾਵੇ। ਭਰਾ ਤੋਂ ਭਰਾ ਵਿਛੋੜਨ ਲਈ ਕੀਤਾ ਜਾਵੇ, ਵਸਦੇ ਰਸਦੇ ਘਰਾਂ ਨੂੰ ਉਜਾੜਨ ਲਈ ਕੀਤਾ ਜਾਵੇ।

ਧਾਰਮਕ ਥਾਵਾਂ ਤੋਂ ਬਾਅਦ ਵਾਰੀ ਗੰਦੇ ਮੌਕਾਪ੍ਰਸਤ ਤੇ ਗੁੰਡੇ ਲੀਡਰਾਂ ਦੀ ਆਉਂਦੀ ਹੈ। ਵੋਟਾਂ ਵਟੋਰਨ ਵੇਲੇ ਤੇ ਹੋਰ ਗੰਦੇ ਮੰਦੇ ਕੰਮਾਂ ਵੇਲੇ ਇਹ ਲੀਡਰ ਇਹਨਾਂ ਸ਼ਹੀਦਾਂ ਦਾ ਨਾਂ ਵਰਤਦੇ ਹਨ। ਭਾਰਤੀ ਲੋਕਾਂ ਦੀ ਲੋਕ ਲੜਾਈ ਨੂੰ ਪੁਠਾ ਮੋੜ ਦੇਣ ਵਾਸਤੇ ਇਹਨਾਂ ਚਾਲਬਾਜ ਲੀਡਰਾਂ ਨੇ ਸ਼ਹੀਦਾਂ ਦੇ ਨਾਂ ਨੂੰ ਵਰਤਿਆ ਹੈ। ਲੋਕਾਂ ਨੂੰ ਭੁਲੇਖੇ ਪਾਣ ਲਈ ਸ਼ਹੀਦਾਂ ਦੇ ਨਾਂ ਤੇ ਤਕਰੀਰਾਂ ਕਰਦੇ ਹਨ ਤੇ ਜਦੋਂ ਕਦੀ ਹਵਾ ਜ਼ਿਆਦਾ ਹੀ ਗਰਮ ਵੇਖਣ ਤਾਂ ਆਪਣੇ ਅੰਗ ਰਖਿਅਕਾਂ ਦੀ ਛਾਂ ਥੱਲੇ ਇਹਨਾਂ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਵੀ ਜਾਂਦੇ ਹਨ ਭੋਲੇ ਭਾਲੇ ਲੋਕ ਸਮਝਣੋਂ ਅਸਮਰਥ ਹਨ, ਤੇ ਜਦੋਂ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਨ ਤਾਂ ਚਾਲਬਾਜ ਫਿਰ ਨਵੀ ਚਾਲ ਚਲਦੇ ਹਨ ਮਿਸਾਲਾਂ ਹਨ, ਕਦੀ ਕੋਈ ਮੁੱਖ ਮੰਤਰੀ ਭਗਤ ਸਿੰਘ ਦੀ ਮਾਂ ਨੂੰ ਰਾਜਮਾਤਾ ਦਾ ਖਿਤਾਬ ਦਿੰਦਾ ਹੈ ਤੇ ਚੜ੍ਹਨ ਲਈ ਕਾਰ ਦਿੰਦਾ ਹੈ ਤੇ ਕਦੀ ਕੋਈ ਪਰਧਾਨ ਮੰਤਰੀ ਸ਼ਹੀਦਾਂ ਦੀਆਂ ਮੜ੍ਹੀਆਂ ਨੂੰ ਵੇਖਣ ਜਾਂਦੇ ਹਨ। ਇਹ ਸ਼ਹੀਦਾਂ ਦੇ ਨਾਂ ਦਾ ਸੋਸਣ ਹੈ ਤੇ ਮੌਕਾਪ੍ਰਸਤ ਲੀਡਰ ਉਦੋਂ ਤਕ ਇਹ ਕਰਦੇ ਰਹਿਣਗੇ ਜਦੋਂ ਤੱਕ ਅਸੀਂ ਆਪਣੇ ਲੋਕਾਂ ਨੂੰ ਇਹਨਾਂ ਚਾਲਬਾਜੀਆਂ ਤੋਂ ਸੁਚੇਤ ਨਹੀਂ ਕਰਦੇ।

ਆਪਣੇ ਲੋਕਾਂ ਨੂੰ ਸਮਝਾਣ ਲਈ ਤੇ ਸੁਚੇਤ ਕਰਨ ਲਈ ਇਹ ਜ਼ਰੂਰੀ ਹੈ ਕਿ ਸ਼ਹੀਦਾਂ ਦੀਆਂ ਯਾਦਗਾਰਾਂ ਲੋਕਾਂ ਦੇ ਹੱਥਾਂ ਵਿਚ ਹੋਣ। ਤਾਂ ਕੀ ਲੋਕ ਆਪਣੇ ਸ਼ਹੀਦਾਂ ਦੇ ਅਸਲੀ ਨਿਸ਼ਾਨੇ ਦੀ ਜਾਣਕਾਰੀ ਪ੍ਰਾਪਤ ਕਰ ਸਕਣ। ਫਿਰ ਵੇਲਾ ਹੈ ਕਿ ਅਸੀਂ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਸੰਭਾਲੀਏ। ਉਹਨਾਂ ਦੀਆਂ ਲਿਖਤਾਂ ਨੂੰ ਪੜ੍ਹੀਏ ਤੇ ਸਾਥੀਆਂ ਨੂੰ ਪੜ੍ਹਨ ਲਈ ਪ੍ਰੇਰੀਏ। ਗ਼ਦਰ ਪਾਰਟੀ ਜਿਸਦੇ ਪਹਿਲੇ ਪਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਜਨਰਲ ਸਕੱਤਰ ਲਾਲਾ ਹਰਦਿਆਲ ਸਨ ਇਕ ਨਿਰੋਲ ਧਰਮ ਨਿਰਪੱਖ ਪਾਰਟੀ ਸੀ ਇਸ ਪਾਰਟੀ ਦਾ ਮੁਢ ਅਮਰੀਕਾ ਦੇ ਸ਼ਹਿਰ ਸੈਨਫਰਾਂਸਿਸਕੋ ਵਿਚ ਬੰਨ੍ਹਿਆ ਗਿਆ ਤੇ ਅਜ ਵੀ "ਗ਼ਦਰ ਮੈਮੋਰੀਅਲ ਹਾਲ" ਸੈਨਫਰਾਂਸਿਸਕੋ ਵਿਚ 5 ਵੁਡ ਸਟਰੀਟ ਤੇ ਮੌਜੂਦ ਹੈ। ਇਥੇ ਗ਼ਦਰ ਪਾਰਟੀ ਦੇ ਮੈਂਬਰਾਂ ਦੀਆਂ ਕਾਫੀ ਲਿਖਤਾਂ ਪਈਆਂ ਹਨ ਤੇ ਗ਼ਦਰ ਪਾਰਟੀ ਨਾਲ ਸਬੰਧਤ ਹੋਰ ਵੀ ਦਸਤਾਵੇਜਾਂ ਪਈਆਂ ਹਨ ਜਿਹਨਾਂ ਵਿਚ ਗ਼ਦਰੀਆਂ ਦਾ ਭਾਰਤ ਦਿਸਦਾ ਹੈ, ਜਿਸਦਾ ਨਾਂ ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਸੰਯੁਕਤ ਰਾਜ ਭਾਰਤ (United States of India) ਰਖਿਆ ਸੀ। ਭਾਰਤ ਦੀ ਏਕਤਾ ਵਾਸਤੇ ਸਾਨੂੰ ਗ਼ਦਰੀਆਂ ਤੋਂ ਸਬਕ ਸਿਖਣਾ ਚਾਹੀਦਾ ਹੈ, ਤੇ ਗ਼ਦਰ ਪਾਰਟੀ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਣਾ ਸਾਡਾ ਫਰਜ਼ ਬਣਦਾ ਹੈ। ਐ ਭਾਰਤੀਓ ਇਕ ਵਾਰੀ ਫਿਰ ਉਠੋ ਹੰਭਲਾ ਮਾਰੋ, ਆਪਣੇ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਇਤਿਹਾਸ ਤੇ ਝਾਤੀ ਮਾਰੋ, ਤੇ ਉਹਨਾਂ ਨੂੰ ਖਦੇੜ ਦਿਉ ਜੋ ਗੁਰਦਵਾਰਿਆਂ ਤੇ ਮੰਦਰਾਂ ਵਿਚ ਝੂਠੀਆਂ ਤਕਰੀਰਾਂ ਕਰਕੇ ਸਾਡੇ ਸ਼ਹੀਦਾਂ ਦਾ ਨਾਂ ਬਦਨਾਮ ਕਰਨ ਤੇ ਤੁਲੇ ਹੋਏ ਹਨ।

ਮੈਂ ਧੰਨਵਾਦੀ ਹਾਂ ਪੰਜਾਬੀ ਪੀਪਲਜ਼ ਕਲਚਰਲ ਐਸੋ: ਦਾ ਜਿਹਨਾਂ ਦੇ ਉਦਮ ਦੇ ਨਾਲ 5 ਵੁਡ ਸਟਰੀਟ ਗ਼ਦਰ ਮੈਮੋਰੀਅਲ ਹਾਲ ਦੁਬਾਰਾ ਖੁਲ੍ਹਣ ਲਗ ਪਿਆ ਹੈ। ਇਹ ਗ਼ਦਰ ਮੈਮੋਰੀਅਲ ਹਾਲ ਕਾਫੀ ਦੇਰ ਤੋਂ ਬੰਦ ਪਿਆ ਸੀ, ਪੰਜਾਬੀ ਪੀਪਲਜ਼ ਕਲਚਰਲ ਐਸੋ: (ਕੈਲੀਫੋਰਨੀਆ) ਕਾਫੀ ਲੰਬੀ ਜਦੋ ਜਹਿਦ ਤੋਂ ਬਾਅਦ ਇਹ ਹਾਲ ਖੁਲਾਣ ਵਿਚ ਕਾਮਯਾਬ ਹੋਈ ਹੈ। ਹੁਣ ਤੁਹਾਡੇ ਹੁੰਗਾਰੇ ਦੀ ਲੋੜ ਹੈ। ਸੋ ਸਾਥੀਓ ਆਓ ਰਲਕੇ ਇਕ ਵਾਰੀ ਫਿਰ ਸਾਡੇ ਸ਼ਹੀਦਾਂ ਨੂੰ ਯਾਦ ਕਰੀਏ ਤੇ ਹਰ ਮਹੀਨੇ ਦੇ ਪਹਿਲੇ ਐਤਵਾਰ ਸ਼ਹੀਦਾਂ ਦੀ ਇਸ ਯਾਦਗਾਰ ਤੇ ਇਕੱਠੇ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰੀਏ।

**ਅਮਰੀਕ ਖਡਾਲੀਆ**

(1) ਹਵਾਲਾ — "ਕਿਸਾਨ ਲਹਿਰ ਜਥੇਬੰਦ ਹੋਣ ਵਲ" ਗੁਰਚਰਨ ਸਿੰਘ ਰੰਧਾਵਾ।

# ਨਾਟਕਾਂ ਰਾਹੀਂ ਫਿਰਕਾਪ੍ਰਸਤੀ ਵਿਰੁਧ ਮੁਹਿਮ

ਪਟਿਆਲਾ — ਨੌਜਵਾਨ ਭਾਰਤ ਸਭਾ ਦੇ ਆਗੂ ਬਲਬੀਰ ਸਿੰਘ ਸਕੱਤਰ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਵੀਨ ਖੋਖਰ ਨੇ ਰਾਜ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਨਿੰਦਾ ਕਰਦਿਆਂ ਫਿਰਕੂ ਆਧਾਰ 'ਤੇ ਕਾਇਮ ਜਥੇਬੰਦੀਆਂ ਦੀ ਨਿਖੇਧੀ ਕੀਤੀ ਹੈ ਤੇ ਕਿਹਾ ਹੈ ਕਿ ਉਨ੍ਹਾਂ ਦੇ ਸੰਗਠਨ ਲੋਕਾਂ ਨੂੰ ਫਿਰਕਾਪ੍ਰਸਤੀ ਤੇ ਵੱਖਵਾਦ ਦੇ ਵਿਰੁੱਧ ਇਕੱਤਰ ਕਰਨ ਲਈ ਪਿੰਡਾਂ ਵਿਚ ਡਰਾਮੇ ਤੇ ਨਾਟਕ ਮੰਡਲੀਆਂ ਰਾਹੀਂ ਮੁਹਿਮ ਚਲਾਉਣਗੇ।

**Goyal Travels Inc.**
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
IATA
THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
• 2 Asia House, K.G. Marg, New Delhi—110001 Phone 389217
• Opposite Nehru Gardens, G.T.Road, Jullundur City Phone 77526
• Court Road, Moga, Distt. Faridkot Phone 2798
• Court Road, Jagraon, Distt. Ludhiana Phone 252
Cheapest Fares to:
FIJI—INDIA—PAKISTAN—COLOMBO—NEPAL

# ਟਕਸਾਲ ਤੇ ਫੈਡਰੇਸ਼ਨ ਦੇ ਨਾਂ ਦੀ ਗਲਤ ਵਰਤੋਂ ਵਿਰੁੱਧ ਚਿਤਾਵਨੀ

ਅੰਮ੍ਰਿਤਸਰ — ਦਮਦਮੀ ਟਕਸਾਲ ਦੇ ਤਰਜਮਾਨ ਸ. ਮੋਹਕਮ ਸਿੰਘ ਨੇ ਕਿਹਾ ਹੈ ਕਿ ਜੇਕਰ ਕੋਈ ਵੀ ਵਿਅਕਤੀ ਜਾਂ ਗਰੁੱਪ ਟਕਸਾਲ ਜਾਂ ਫੈਡਰੇਸ਼ਨ ਦੇ ਨਾਂ ਹੇਠਾਂ ਕਾਰਖਾਨਿਆਂ ਦੇ ਮਾਲਕਾਂ ਤੋਂ ਜਬਰੀ ਉਗਰਾਹੀ ਕਰਦਾ ਹੈ ਤਾਂ ਇਸ ਦਾ ਟਕਸਾਲ ਜਾਂ ਫੈਡਰੇਸ਼ਨ ਨਾਲ ਕੋਈ ਸਬੰਧ ਨਹੀਂ।

ਚੇਤੇ ਰਹੇ ਕਿ ਛੋਟੇ ਤੇ ਵੱਡੇ ਕਾਰਖਾਨਿਆਂ ਵਿਚ ਮਾਲਕਾਂ ਦੇ ਦਿਲਾਂ ਵਿਚ ਸਹਿਮ ਛਾਇਆ ਹੋਇਆ ਕਿ ਕਿਉਂਕਿ ਛੋਟੇ ਛੋਟੇ ਨੌਜਵਾਨਾਂ ਦੇ ਗਰੁੱਪ ਆਪਣੇ ਆਪ ਨੂੰ ਟਕਸਾਲ ਤੇ ਫੈਡਰੇਸ਼ਨ ਦੇ ਬੰਦੇ ਦੱਸ ਕੇ ਉਗਰਾਹੀ ਕਰਦੇ ਹਨ। ਇਹ ਖਬਰਾਂ ਮਿਲੀਆਂ ਹਨ ਕਿ ਪਿਛਲੇ ਪੰਦਰਾਂ ਦਿਨਾਂ ਵਿਚ ਕੁਝ ਲੋਕਾਂ ਨੇ ਇਨ੍ਹਾਂ ਦੋਵਾਂ ਜਥੇਬੰਦੀਆਂ ਦਾ ਨਾਂ ਵਰਤ ਕੇ ਲੋਕਾਂ ਤੋਂ ਪੈਸੇ ਇਕੱਠੇ ਕਰਨ ਦਾ ਧੰਦਾ ਬਣਾ ਲਿਆ ਹੈ। ਪਤਾ ਲੱਗਾ ਹੈ ਕਿ ਇਹ ਲੋਕ ਧਮਕੀਆਂ ਦਿੰਦੇ ਹਨ ਕਿ ਪੈਸੇ ਨਾ ਦੇਣ ਦੀ ਸੂਰਤ ਵਿਚ ਉਨ੍ਹਾਂ ਨੂੰ ਭਿਆਨਕ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਜਿਹੜੇ ਲੋਕ ਇਨ੍ਹਾ ਬੰਦਿਆਂ ਹੱਥੋਂ ਪਰੇਸ਼ਾਨ ਹਨ, ਉਹ ਕੱਪੜਾ, ਸਟੀਲ ਤੇ ਡਿਸਟਿਲਰੀ ਦੇ ਕਾਰਖਾਨਿਆਂ ਨਾਲ ਸਬੰਧਤ ਹਨ। ਇਨ੍ਹਾਂ ਲੋਕਾਂ ਨੇ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਦਾ ਧਿਆਨ ਵੀ ਇਸ ਸਬੰਧੀ ਦੁਆਇਆ ਹੈ ਅਤੇ ਫੈਡਰੇਸ਼ਨ ਤੇ ਟਕਸਾਲ ਦੇ ਨੇਤਾਵਾਂ ਨੂੰ ਵੀ ਜਾਣਕਾਰੀ ਦਿਤੀ ਗਈ ਹੈ।

ਇਕ ਫੈਕਟਰੀ ਦੇ ਮੈਨੇਜਰ ਨੇ ਦੱਸਿਆ ਕਿ ਜਿਹੜੇ ਕਰਮਚਾਰੀ ਮੁਅੱਤਲ ਕੀਤੇ ਗਏ ਹਨ ਜਾਂ ਲੇਬਰ ਕੋਰਟਾਂ ਵਿਚੋਂ ਆਪਣੀ ਲੜਾਈ ਹਾਰ ਗਏ ਹਨ, ਉਹ ਅਕਸਰ ਖਾੜਕੂ ਕਿਸਮ ਦੇ ਬੰਦਿਆਂ ਨੂੰ ਮਾਲਕਾਂ ਕੋਲ ਘੱਲਦੇ ਹਨ, ਅਤੇ ਦਬਾਅ ਪਾਉਂਦੇ ਹਨ ਕਿ ਕੱਢੇ ਗਏ ਕਰਮਚਾਰੀਆਂ ਨੂੰ ਨੌਕਰੀ 'ਤੇ ਬਹਾਲ ਕੀਤਾ ਜਾਵੇ

ਜਦੋਂ ਕੁਝ ਫੈਕਟਰੀ ਮਾਲਕਾਂ ਨੇ ਟਕਸਾਲ ਦੇ ਤਰਜਮਾਨ ਸ. ਮੋਹਕਮ ਸਿੰਘ ਤਕ ਪਹੁੰਚ ਕੀਤੀ ਤਾਂ ਉਨ੍ਹਾਂ ਕਿਹਾ ਕਿ ਟਕਸਾਲ ਤੇ ਫੈਡਰੇਸ਼ਨ ਅਜਿਹੇ ਕੰਮ ਨਹੀਂ ਕਰਦੀ। ਅਜਿਹਾ ਕੰਮ ਕਰਨ ਵਾਲੇ 'ਠੱਗ' ਹੀ ਹੋ ਸਕਦੇ ਹਨ। ਉਨ੍ਹਾਂ ਨੇ ਫੈਕਟਰੀ ਮਾਲਕਾਂ ਨੂੰ ਕਿਹਾ ਹੈ ਕਿ ਉਹ ਇਹੋ ਜਿਹੇ ਅਨਸਰਾਂ ਨਾਲ ਸਖਤੀ ਨਾਲ ਪੇਸ਼ ਆਉਣ ਅਤੇ ਜਾਂ ਉਨ੍ਹਾਂ ਨੂੰ ਟਕਸਾਲ ਦੇ ਹਵਾਲੇ ਕੀਤਾ ਜਾਵੇ ਅਤੇ ਜਾਂ ਫਿਰ ਪੁਲੀਸ ਦੇ ਹਵਾਲੇ ਕੀਤਾ ਜਾਵੇ।



ਖੱਬਿਓਂ ਸੱਜੇ: ਸ੍ਰੀ ਕਸਤੂਰੀ ਲਾਲ, ਸ੍ਰੀ ਸ਼ਸ਼ਪਾਲ ਸਿੰਘ, ਮੁਖ ਮੰਤਰੀ ਸ. ਬਰਨਾਲਾ, ਰਾਜਪਾਲ ਡਾ. ਸ਼ਰਮਾ, ਸ੍ਰੀ ਸੁੱਚਾ ਸਿੰਘ ਛੋਟੇਪੁਰ, ਸ੍ਰੀ ਹਰਭਜਨ ਸਿੰਘ ਸੰਧੂ ਤੇ ਸ੍ਰੀ ਨੱਥਾ ਸਿੰਘ

## ਸੀ. ਪੀ. ਆਈ. ਕਾਂਗਰਸ ਪਟਨਾ ਵਿਚ ਹੋਵੇਗੀ

ਵਾਰਾਣਸੀ — ਭਾਰਤੀ ਕਮਿਊਨਿਸਟ ਪਾਰਟੀ ਦੀ 13ਵੀਂ ਕਾਂਗਰਸ 12 ਤੋਂ 17 ਮਾਰਚ ਤੱਕ ਪਟਨਾ ਵਿਖੇ ਹੋ ਰਹੀ ਹੈ। ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਸ੍ਰੀ ਅਤੁਲ ਕੁਮਾਰ ਅਨਜਾਨ ਨੇ ਇਥੇ ਇਕ ਪ੍ਰੈਸ ਬਿਆਨ ਵਿਚ ਦੱਸਿਆ ਕਿ ਜਿਸ ਥਾਂ ਉਤੇ ਕਾਂਗਰਸ ਹੋਣੀ ਹੈ ਉਸ ਦਾ ਨਾਂ ਪਾਰਟੀ ਦੇ ਉਘੇ ਨੇਤਾ ਆਜ਼ਾਦੀ ਘੁਲਾਟੀਏ ਸਵਰਗੀ ਸੋਹਨ ਸਿੰਘ ਜੋਸ਼ ਦੇ ਨਾਂ ਉਤੇ ਰਖਿਆ ਜਾਵੇਗਾ ਇਸ ਕਾਨਫਰੰਸ ਵਿਚ ਦੇਸ਼ ਭਰ ਵਿਚੋਂ 1300 ਦੇ ਕਰੀਬ ਡੈਲੀਗੇਟ ਭਾਗ ਲੈਣਗੇ।

## ਭਾਈ ਗੁਰਦੇਵ ਸਿੰਘ ਦੇ ਵਾਰੰਟ

ਲੁਧਿਆਣਾ — ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜੱਜ ਇਕਬਾਲ ਸਿੰਘ ਨੇ ਗਿਆਨੀ ਕ੍ਰਿਪਾਲ ਸਿੰਘ 'ਤੇ ਹਮਲੇ ਦੀ ਘਟਨਾ ਸਬੰਧੀ ਅਕਾਲ ਤਖਤ ਦੇ ਐਕਟਿੰਗ "ਜਥੇਦਾਰ" ਭਾਈ ਗੁਰਦੇਵ ਸਿੰਘ ਵਿਰੁਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। 16 ਜਨਵਰੀ 1985 ਨੂੰ ਦਾਖਾ ਨੇੜੇ ਗਿਆਨੀ ਕਿਰਪਾਲ ਸਿੰਘ ਜਥੇਦਾਰ ਅਕਾਲ ਤਖਤ ਤੇ ਉਨ੍ਹਾਂ ਦੇ ਦੋ ਸੇਵਾਦਾਰਾਂ ਉਪਰ ਹਮਲਾ ਹੋਇਆ ਸੀ। ਇਸ ਕੇਸ ਵਿਚ ਭਾਈ ਗੁਰਦੇਵ ਸਿੰਘ ਅਤੇ ਛੇ ਹੋਰ (ਦਵਿੰਦਰ ਸਿੰਘ, ਦਰਸ਼ਨ ਸਿੰਘ, ਸਤਨਾਮ ਸਿੰਘ, ਡਾ. ਗੁਰਚਰਨ ਸਿੰਘ, ਘੋਸ਼ਰ ਸਿੰਘ ਅਤੇ ਸੁਖਜੀਤ ਸਿੰਘ) ਜ਼ਮਾਨਤ 'ਤੇ ਹਨ। ਦਵਿੰਦਰ ਸਿੰਘ ਜੋ ਕਿ ਇਕ ਹੋਰ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਸੀ, ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।


ਇਨਕਲਾਬੀ ਸ਼ਹੀਦਾਂ ਨੂੰ ਸ਼ਰਧਾਂਜਲੀ
ਇਪਾਨਾ ਵੱਲੋਂ

**ਸ਼ਹੀਦੀ ਦਿਵਸ**

**23 ਮਾਰਚ, '86 - ਐਤਵਾਰ : 1:30 ਦੁਪਹਿਰ**

ਜਗ੍ਹਾ : ਕਾਰਪੈਂਟਰ ਹਾਲ — 725 - 12 ਸਟਰੀਟ, ਨਿਊਵੈਸਟਮਿਨਸਟਰ (8 ਐਵੇਨਿਊ ਦੇ ਨਜ਼ਦੀਕ)



**ਡਰਾਮੇ : "ਅੰਦਰੂਨੀ ਦੁਸ਼ਮਣ" The Enemy Within)**

ਇਹ ਡਰਾਮਾ ਵੈਨਕੂਵਰ ਦੀ ਮਸ਼ਹੂਰ ਡਰਾਮਾ ਕੰਪਨੀ 'The Headlines Theater' ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਇਕ ਹਾਸੇ ਭਰਪੂਰ ਨਾਟਕ ਹੈ, ਜਿਸ ਵਿਚ ਸੋਕਰਡ ਸਰਕਾਰ ਦੇ ਅਸਲੀ ਚਿਹਰੇ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।

**"ਬਗਾਨੇ ਬੋਹੜ ਦੀ ਛਾਂ" —**

**ਲੇਖਕ ਅਜਮੇਰ ਔਲਖ**

ਇਹ ਮਸ਼ਹੂਰ ਡਰਾਮਾ ਭਾਰਤ ਵਿਚ ਜਗ੍ਹਾ ਜਗ੍ਹਾ ਖੇਡਿਆ ਜਾ ਚੁੱਕਾ ਹੈ।

ਡਰਾਮਿਆਂ ਤੋਂ ਇਲਾਵਾ ਗੀਤ-ਸੰਗੀਤ ਦਾ ਰੰਗਾਰੰਗ ਪਰੋਗਰਾਮ ਵੀ ਹੋਵੇਗਾ।

**ਟਿਕਟ : ਸਿਰਫ 4 ਡਾਲਰ/ਸੀਟ**

ਹੋਰ ਜਾਣਕਾਰੀ ਲਈ ਫੋਨ ਕਰੋ : ਵੈਨਕੂਵਰ ਏਰੀਆ — 420-2972
ਐਬਟਸਫੋਰਡ, ਮਿਸ਼ਨ — 852-3370 ; 826-2483

**ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ)**

ਪਰੋਗਰਾਮ ਦੌਰਾਨ ਬੱਚਿਆਂ ਦਾ ਰੌਲਾ ਨਾ ਪਵੇ, ਇਸ ਕਰਕੇ ਅਸੀਂ ਬੱਚਿਆਂ ਲਈ ਡੇ-ਕੇਅਰ ਦਾ ਬੰਦੋਬਸਤ ਕੀਤਾ ਹੈ। ਤੁਹਾਡੇ ਸਹਿਯੋਗ ਲਈ ਅਸੀਂ ਬਹੁਤ ਧੰਨਵਾਦੀ ਹਾਂ।





AMIN LADHA

**AMIN ON MARINE**

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

**dueck**
CHEVROLET-OLDSMOBILE-CADILLAC LTD

86 SE Marine Dr., [between Main & Cambie]

**Ph: 324-7222**

Res.: 433-1681
Pager 687-7711 Pager #2122

**DUECK CHEVROLET OLDSMOBILE CADILLAC LTD.**



**United Realty Ltd.**

3879 Oak Street, Vancouver, B.C. V6H 2M6



Malkit Dhami,
M.A. (Eco.)

■ **BUYING**
■ **SELLING**

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

Member of Prestigious M.L.S. Medallion Club For 83-84 85-86

# ਪੰਜਾਬੀਅਤ ਦਾ ਸ਼ੈਦਾਈ ਨਹੀਂ ਰਿਹਾ ......

ਚੰਡੀਗੜ੍ਹ — ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸ਼ੈਦਾਈ, ਕਲਾਕਾਰਾਂ ਦੇ ਰਹਿਨੁਮਾ ਅਤੇ "ਟ੍ਰਿਬਿਊਨ ਪ੍ਰਕਾਸ਼ਨ ਸਮੂੰਹ" ਦੇ ਟਰਸਟੀ ਡਾ. ਮਹਿੰਦਰ ਸਿੰਘ ਰੰਧਾਵਾ ਦਾ ਦੇਹਾਂਤ ਹੋ ਗਿਆ। ਉਹ 77 ਵਰ੍ਹਿਆਂ ਦੇ ਸਨ।

ਡਾ. ਰੰਧਾਵਾ ਨੂੰ ਸਵੇਰੇ ਕਰੀਬ ਸਵਾ ਤਿੰਨ ਵਜੇ ਉਨ੍ਹਾਂ ਦੇ ਖਰੜ ਸਥਿਤ ਨਿਵਾਸ ਅਸਥਾਨ ਉਤੇ ਅਚਨਚੇਤ ਦਿਲ ਦਾ ਦੌਰਾ ਪਿਆ ਜਿਹੜਾ ਕਿ ਉਨ੍ਹਾਂ ਲਈ ਜਾਨ-ਲੇਵਾ ਸਾਬਤ ਹੋਇਆ। ਉਨ੍ਹਾਂ ਨੂੰ ਇਸ ਤੋਂ ਪਹਿਲਾਂ ਦਿਲ ਜਾਂ ਹੋਰ ਕਿਸੇ ਬਿਮਾਰੀ ਦੀ ਗੰਭੀਰ ਸ਼ਿਕਾਇਤ ਨਹੀਂ ਸੀ।

ਡਾ. ਰੰਧਾਵਾ ਆਪਣੇ ਪਿੱਛੇ ਦੋ ਪੁੱਤਰ, ਦੋ ਧੀਆਂ ਅਤੇ ਪਤਨੀ ਛੱਡ ਗਏ ਹਨ।

ਕੌਮੀ ਅਤੇ ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਡਾ. ਰੰਧਾਵਾ ਨੂੰ ਵੱਖ ਵੱਖ ਖੇਤਰਾਂ ਵਿਚ ਕਈ ਪੁਰਸਕਾਰ ਮਿਲ ਚੁਕੇ ਹਨ ਜਿਨ੍ਹਾਂ ਵਿਚ 26 ਜਨਵਰੀ 1972 ਨੂੰ ਮਿਲਿਆ ਪਦਮ ਭੂਸ਼ਨ ਐਵਾਰਡ ਵੀ ਸ਼ਾਮਲ ਹੈ।

ਡਾ. ਰੰਧਾਵਾ ਦੀ ਮੌਤ ਦੀ ਖਬਰ ਸੁਣਦਿਆਂ ਹੀ ਉਨ੍ਹਾਂ ਦੇ ਸਤਿਕਾਰ ਵਿਚ ਚੰਡੀਗੜ੍ਹ ਦੇ ਸਾਰੇ ਦਫਤਰ ਅਤੇ ਵਿਦਿਅਕ ਸੰਸਥਾਵਾਂ ਬੰਦ ਹੋ ਗਈਆਂ। ਲੁਧਿਆਣਾ ਜ਼ਿਲੇ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਕਲਾ ਮੰਚ ਅਤੇ ਪੰਜਾਬ ਸਾਹਿਤ ਕਲਾ ਮੰਚ ਦੇ ਦਫਤਰ ਵੀ ਬੰਦ ਕਰ ਦਿਤੇ ਗਏ।

ਡਾ. ਰੰਧਾਵਾ ਲਗਭਗ ਇਕ ਦਹਾਕਾ ਪਹਿਲਾਂ ਅਕਤੂਬਰ 1976 ਵਿਚ "ਟ੍ਰਿਬਿਊਨ" ਦੇ ਟਰਸਟੀ ਬਣੇ ਸਨ। ਉਹ 'ਟਰਸਟ' ਦੀਆਂ ਤਿੰਨੇ ਅਖਬਾਰਾਂ ਦੇ ਵਿਕਾਸ ਅਤੇ ਕਰਮਚਾਰੀਆਂ ਦੀ ਭਲਾਈ ਵਿਚ ਤਕੜੀ ਦਿਲਚਸਪੀ ਰੱਖਦੇ ਸਨ। ਉਨ੍ਹਾਂ ਦੇ ਸਮੇਂ ਵਿਚ ਹੀ 'ਪੰਜਾਬੀ ਟ੍ਰਿਬਿਊਨ' ਅਤੇ 'ਦੈਨਿਕ ਟ੍ਰਿਬਿਊਨ' ਅਖਬਾਰਾਂ ਦਾ ਪ੍ਰਕਾਸ਼ਨ ਸ਼ੁਰੂ ਹੋਇਆ।

ਡਾ. ਰੰਧਾਵਾ 1966 ਤੋਂ 68 ਦੌਰਾਨ ਚੰਡੀਗੜ੍ਹ ਦੇ ਮੁੱਖ ਕਮਿਸ਼ਨਰ ਅਤੇ 1968 ਤੋਂ 1976 ਦੌਰਾਨ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ। ਉਹ ਨੈਸ਼ਨਲ ਅਕੈਡਮੀ (ਸਾਇੰਸ) ਆਲ ਇੰਡੀਆ ਫਾਈਨ ਆਰਟਸ ਐਂਡ ਕਰਾਫਟ ਸੁਸਾਇਟੀ ਦੇ ਵੀ ਪ੍ਰਧਾਨ ਰਹਿ ਚੁਕੇ ਹਨ। ਉਹ ਕੇਂਦਰ ਵਿਚ ਕਈ ਉਚ ਅਹੁਦਿਆਂ ਉਤੇ ਰਹਿ ਚੁੱਕੇ ਹਨ। ਉਹ ਖੁਰਾਕ ਅਤੇ ਖੇਤੀਬਾੜੀ ਮੰਤਰਾਲੇ ਦੇ ਸਕੱਤਰ, ਯੋਜਨਾ ਕਮਿਸ਼ਨ ਦੇ ਸਲਾਹਕਾਰ ਅਤੇ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ (ਆਈ. ਸੀ. ਏ. ਆਰ.) ਦੇ ਉਪ ਪ੍ਰਧਾਨ ਰਹਿ ਚੁੱਕੇ ਹਨ।

ਉਨ੍ਹਾਂ ਦਾ ਜਨਮ ਫਿਰੋਜ਼ਪੁਰ ਜ਼ਿਲੇ ਦੇ ਜ਼ੀਰਾ ਕਸਬੇ ਵਿਚ 2 ਫਰਵਰੀ 1909 ਨੂੰ ਹੋਇਆ ਸੀ। ਉਨ੍ਹਾਂ ਨੇ ਉਚੇਰੀ ਵਿਦਿਆ ਵਿਚ ਐਮ. ਐਸ. ਸੀ. ਅਤੇ ਡੀ. ਐਸ. ਸੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦਾ ਪਿਛੋਕੜ ਪਿੰਡ ਬੋਦਲਾਂ ਤਹਿਸੀਲ ਦਸੂਹਾ ਦਾ ਹੈ। ਉਨ੍ਹਾਂ ਦੀ ਪਤਨੀ ਸ੍ਰੀਮਤੀ ਇਕਬਾਲ ਕੌਰ ਨਾਰੰਗਵਾਲ (ਜ਼ਿਲਾ ਲੁਧਿਆਣਾ) ਦੇ ਹਨ।

ਇਸ ਸਮੇਂ ਡਾ. ਰੰਧਾਵਾ ਖਰੜ ਵਿਚ ਆਪਣੇ 15 ਏਕੜ ਦੇ ਫਾਰਮ ਤੋਂ ਹੀ ਸਾਰੀਆਂ ਸਰਗਰਮੀਆਂ ਚਲਾਉਂਦੇ ਸਨ।

ਕਲਾਕਾਰਾਂ ਲਈ ਵਧੀਆ ਜਿਹਾ ਘਰ ਉਸਾਰਨ ਵਾਸਤੇ ਉਨ੍ਹਾਂ ਨੇ ਪੰਜਾਬ ਆਰਟ ਕੌਂਸਲ ਦੇ ਚੇਅਰਮੈਨ ਹੁੰਦੇ ਹੋਏ ਰੋਜ਼ ਗਾਰਡਨ ਚੰਡੀਗੜ੍ਹ ਵਿਚ ਇਸ ਸੰਸਥਾ ਦੀ ਇਮਾਰਤ ਬਣਾਉਣ ਲਈ ਡੂੰਘੀ ਦਿਲਚਸਪੀ ਲਈ। ਉਨ੍ਹਾਂ ਨੇ ਪੰਜਾਬ ਵਿਚ ਲਾਇਬਰੇਰੀਆਂ ਖਾਸ ਤੌਰ ਉਤੇ ਪੇਂਡੂ ਲਾਇਬਰੇਰੀਆਂ ਖੋਲ੍ਹਣ ਲਈ ਬੜਾ ਕੁਝ ਕੀਤਾ।

ਉਨ੍ਹਾਂ ਨੂੰ 1968 ਵਿਚ ਪੰਜਾਬ ਸਰਕਾਰ ਨੇ ਪੰਜਾਬੀ ਸਾਹਿਤ ਵਿਚ ਦਿਲਚਸਪੀ ਲਈ 'ਰੋਲ ਆਫ ਆਨਰ' ਅਤੇ 1971 ਵਿਚ ਖੇਤੀਬਾੜੀ ਅਤੇ ਬਾਗਬਾਨੀ ਸੁਸਾਇਟੀ ਨੇ ਗੋਲਡ ਮੈਡਲ ਦੇ ਕੇ ਸਨਮਾਨਿਆ। ਉਹ ਲਲਿਤ ਕਲਾ ਅਕੈਡਮੀ ਦੇ ਫੈਲੋ ਵੀ ਸਨ। ਅਮਰੀਕਾ ਦੀ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੀ ਐਸ ਸੀ ਦੀ ਡਿਗਰੀ ਦੇ ਕੇ ਸਨਮਾਨਿਆ। ਉਨ੍ਹਾਂ ਦੇ ਦੋਸਤਾਂ ਦਾ ਦੇਸ਼ ਅਤੇ ਵਿਦੇਸ਼ ਵਿਚ ਇਕ ਵਿਸ਼ਾਲ ਦਾਇਰਾ ਸੀ। ਉਨ੍ਹਾਂ ਨੇ ਪੰਜਾਬੀ ਕਲਾਕਾਰਾਂ, ਪੇਂਟਰਾਂ ਅਤੇ ਬੁੱਤ-ਘਾੜਿਆਂ ਦੀਆਂ ਕਿਰਤਾਂ ਖਰੀਦ ਕੇ ਉਨ੍ਹਾਂ ਨੂੰ ਮਿਊਜ਼ੀਅਮ ਅਤੇ ਆਰਟ ਗੈਲਰੀਆਂ ਦੀ ਸ਼ੋਭਾ ਬਣਾਇਆ। ਉਨ੍ਹਾਂ ਦੀ ਲੋਕ ਗੀਤਾਂ ਵਿਚ ਵੀ ਡੂੰਘੀ ਦਿਲਚਸਪੀ ਸੀ। ਉਨ੍ਹਾਂ ਦੀ ਅਗਵਾਈ ਹੇਠਾਂ ਪੰਜਾਬ ਨੂੰ ਸ਼ਿੰਗਾਰਨ ਅਤੇ ਨਿਖਾਰਨ ਵਾਲੇ ਅਨੇਕਾਂ ਹੀ ਪ੍ਰਾਜੈਕਟ ਮੁਕੰਮਲ ਹੋਏ ਹਨ। ਡਾ. ਰੰਧਾਵਾ ਦੀ ਖੇਤੀ ਖੇਤਰ ਵਿਚ 'ਹਰੇ ਇਨਕਲਾਬ' ਦੀ ਦੇਣ ਨੂੰ ਕਈ ਪੀੜ੍ਹੀਆਂ ਯਾਦ ਰਖਣਗੀਆਂ

ਡਾ. ਰੰਧਾਵਾ ਨੇ ਕਲਾ, ਸਾਇੰਸ, ਇਤਿਹਾਸ ਅਤੇ ਕੁਦਰਤ ਦੀਆਂ ਦਾਤਾਂ ਬਾਰੇ ਕਈ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਨੇ ਚੰਡੀਗੜ੍ਹ ਮਿਊਜ਼ੀਅਮ ਅਤੇ ਆਰਟ ਗੈਲਰੀ ਦੀ ਉਸਾਰੀ ਵਿਚ ਵੀ ਹਿੱਸਾ ਪਾਇਆ। ਡਾ. ਰੰਧਾਵਾ ਅਜੇਹੀ ਸ਼ਖਸੀਅਤ ਸਨ ਜਿਹੜਾ ਵੀ ਉਨ੍ਹਾਂ ਦੇ ਕਰੀਬ ਆਇਆ, ਉਸ ਦੀ ਖੁੱਲ੍ਹਦਿਲੀ ਨਾਲ ਮਦਦ ਕੀਤੀ। ਉਹ ਅਮਲ ਵਿਚ ਵਿਸ਼ਵਾਸ਼ ਰਖਦੇ ਸਨ। ਇਨ੍ਹਾਂ ਦਿਨਾਂ ਵਿਚ ਡਾ. ਰੰਧਾਵਾ ਚੰਡੀਗੜ੍ਹ ਨੂੰ ਖੁਸ਼ਬੋ ਵਾਲੇ ਫੁੱਲਾਂ ਨਾਲ ਲੱਦਿਆ ਵੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਮਨੋਰਥ ਲਈ ਪੰਜਾਬ ਸਰਕਾਰ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਸਨ।



ਡਾ. ਐਮ. ਐਸ. ਰੰਧਾਵਾ ਦੇ ਮ੍ਰਿਤਕ ਸਰੀਰ ਕੋਲ ਸ਼ੋਕ ਵਿਚ ਡੁੱਬਿਆ ਪੰਜਾਬ

ਡਾ. ਰੰਧਾਵਾ ਦਾ ਉਨ੍ਹਾਂ ਦੇ ਘਰ ਨੇੜੇ ਫਾਰਮ ਵਿਚ ਸਸਕਾਰ ਕਰ ਦਿਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਅੱਗ ਉਨ੍ਹਾਂ ਦੇ ਵੱਡੇ ਪੁੱਤਰ ਸੁਰਿੰਦਰ ਸਿੰਘ ਨੇ ਦਿਖਾਈ। ਪੰਜਾਬ ਅਤੇ ਚੰਡੀਗੜ੍ਹ ਪੁਲੀਸ ਦੀ ਸਾਂਝੀ ਗਾਰਦ ਨੇ ਡਾ. ਰੰਧਾਵਾ ਦੇ ਸਤਿਕਾਰ ਵਜੋਂ ਪੰਜ-ਪੰਜ ਗੋਲੀਆਂ ਚਲਾਈਆਂ ਤੇ ਹਥਿਆਰ ਉਲਟੇ ਕਰ ਕੇ ਸਲਾਮੀ ਦਿਤੀ।

ਪਹਿਲਾਂ, ਸਿਖਿਆ ਮੰਤਰੀ ਸੁਖਜਿੰਦਰ ਸਿੰਘ ਨੇ ਡਾ. ਰੰਧਾਵਾ ਦੀ ਦੇਹ 'ਤੇ ਫੁਲਮਾਲਾ ਰੱਖੀ। ਪੰਜਾਬ ਦੇ ਮੁੱਖ ਸਕੱਤਰ ਪੀ. ਐਚ. ਵੈਸ਼ਨਵ ਨੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਤੇ ਪੰਜਾਕ ਦੇ ਰਾਜਪਾਲ ਡਾ. ਸ਼ੰਕਰ ਦਿਆਲ ਸ਼ਰਮਾ ਦੀ ਤਰਫੋਂ ਡਾ. ਰੰਧਾਵਾ ਦੀ ਦੇਹ 'ਤੇ ਫੁਲ-ਮਾਲਾਵਾਂ ਚੜ੍ਹਾਈਆਂ।

ਦੀ ਟ੍ਰਿਬਿਊਨ ਟਰਸਟ ਦੇ ਪ੍ਰਧਾਨ ਲੈਫਟੀਨੈਂਟ ਜਨਰਲ ਪੀ. ਐਸ. ਗਿਆਨੀ, ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਪ੍ਰੇਮ ਭਾਟੀਆ ਅਤੇ ਜਨਰਲ ਮੈਨੇਜਰ ਐਸ. ਡੀ. ਭਾਂਬਰੀ ਨੇ ਅਖਬਾਰਾਂ ਵਲੋਂ ਫੁਲ-ਮਾਲਾਵਾਂ ਚੜ੍ਹਾਈਆਂ। ਡਾ. ਰੰਧਾਵਾ ਇਕ ਦਹਾਕੇ ਤੋਂ ਟ੍ਰਿਬਿਊਨ ਟਰੱਸਟ ਦੇ ਟਰੱਸਟੀ ਸਨ ਭੱਟੀ, ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਗੁਲਜ਼ਾਰ ਸਿੰਘ ਸੰਧੂ, ਕਰਨਲ ਪ੍ਰਤਾਪ ਸਿੰਘ ਗਿੱਲ, ਡਾ. ਆਤਮਜੀਤ ਸਿੰਘ, ਸ੍ਰੀ ਤੇਰਾ ਸਿੰਘ ਚੰਨ, ਡਾ. ਐਸ ਐਸ ਦੁਸਾਂਝ, ਡਾ. ਸਾਧੂ ਸਿੰਘ, ਸ੍ਰੀ ਸੁਰਜੀਤ ਸਿੰਘ ਪਾਤਰ, ਸ੍ਰੀ ਗੁਰਭਜਨ ਗਿੱਲ, ਸ੍ਰੀ ਅਮਰਜੀਤ ਸਿੰਘ ਗਰੇਵਾਲ, ਸ੍ਰੀ ਅਮਰਜੀਤ ਸਿੰਘ ਢਿੱਲੋਂ, ਡਾ. ਖੇਮ ਸਿੰਘ ਗਿੱਲ, ਸਾਬਕ ਵਿਧਾਇਕ ਰਾਜਾ ਸਿੰਘ, ਪੰਜਾਬ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ. ਰਘਬੀਰ ਸਿੰਘ ਸਿਰਜਣਾ, ਸਕੂਲ ਸਿੱਖਿਆ ਬੋਰਡ ਦੇ ਡਾਕਟਰ ਜਗੀਰ ਸਿੰਘ, ਜੋਗਾ ਸਿੰਘ ਤੇ ਜਨਕ ਰਾਜ ਸਿੰਘ ਅਤੇ ਹੋਰ ਵੱਖ ਵੱਖ ਖੇਤਰਾਂ ਦੇ ਆਗੂ ਤੇ ਪ੍ਰਤੀਨਿਧ ਮੌਜੂਦ ਸਨ।

ਡਾ. ਰੰਧਾਵਾ ਦੀ ਅਚਾਨਕ ਮੌਤ ਨੇ ਪੰਜਾਬ ਅਤੇ ਦੇਸ਼ ਦੇ ਬਹੁਤ ਸਾਰੇ ਲੋਕਾਂ ਨੂੰ ਗਮ ਵਿਚ ਡੁਬੋ ਦਿਤਾ ਹੈ। ਉਨ੍ਹਾਂ ਦੀ ਮੌਤ ਨੂੰ 'ਨਾ ਪੂਰਿਆ ਜਾਣ ਵਾਲਾ ਘਾਟਾ' ਕਿਹਾ ਗਿਆ ਹੈ।

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਨੇ ਪਰਿਵਾਰ ਨੂੰ ਭੇਜੇ ਸ਼ੋਕ ਸੁਨੇਹਿਆਂ ਵਿਚ ਡਾ. ਰੰਧਾਵਾ ਦੀ ਅਚਾਨਕ ਮੌਤ ਹੋਣ ਉਤੇ ਘੂੰਡਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਡਾ. ਰੰਧਾਵਾ ਇਕ ਸੁਲਝੇ ਵਿਗਿਆਨੀ, ਕਲਾਕਾਰ ਅਤੇ ਯੋਗ ਪ੍ਰਸ਼ਾਸਕ ਸਨ।

ਪੰਜਾਬ ਆਰਟਸ ਕੌਂਸਲ ਨੇ ਸ੍ਰੀ ਮਨਮੋਹਨ ਸਿੰਘ ਉਪ ਪ੍ਰਧਾਨ ਦੀ ਅਗਵਾਈ ਹੇਠਾਂ ਹੋਈ ਮੀਟਿੰਗ ਵਿਚ ਡੂੰਘਾ ਦੁੱਖ ਪ੍ਰਗਟ ਕੀਤਾ। ਮਤੇ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਕੱਦ ਜਿਹਾ ਸਭਿਆਚਾਰ ਦਾ ਉਸਰਈਆ ਮੁੜਕੇ ਨਹੀਂ ਲੱਭਣਾ। ਉਨ੍ਹਾਂ ਨੇ ਪੰਜਾਬੀਆਂ ਨੂੰ ਸਭਿਆਚਾਰਕ ਦਿੱਖ ਪ੍ਰਦਾਨ ਕੀਤੀ। ਸ੍ਰੀ ਕੁਲਵੰਤ ਸਿੰਘ ਨੇ ਸ਼ੋਕ ਸੰਦੇਸ਼ ਵਿਚ ਕਿਹਾ ਹੈ ਕਿ ਡਾ. ਰੰਧਾਵਾ ਦੀ ਮੌਤ ਨਾ ਪੂਰਿਆ ਜਾਣਾ ਵਾਲਾ ਖੱਪਾ ਹੈ। ਪੰਜਾਬ ਦੇ ਰਾਜਪਾਲ ਨੇ ਵੀ ਡਾ. ਰੰਧਾਵਾ ਦੀ ਮੌਤ ਉਤੇ ਦੁੱਖ ਪ੍ਰਗਟ ਕੀਤਾ ਹੈ। ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸੁਖਦੇਵ ਸਿੰਘ ਅਤੇ ਅਮਲੇ ਨੇ ਸੋਗ ਮੀਟਿੰਗ ਕੀਤੀ।

ਪੰਜਾਬੀ ਸਾਹਿਤ ਅਕੈਡਮੀ ਨੇ ਕਿਹਾ ਕਿ ਡਾ. ਰੰਧਾਵਾ ਦੀ ਮੌਤ ਨਾਲ ਪੰਜਾਬੀਆਂ ਨੂੰ ਡੂੰਘਾ ਸਦਮਾ ਪੁੱਜਾ ਹੈ। ਉਹ ਪੰਜਾਬੀ ਸਭਿਆਚਾਰ ਨੂੰ ਮਜ਼ਬੂਤ ਕਰਨ ਵਾਲੇ ਅਣਥੱਕ ਮਨੁੱਖ ਸਨ। ਅਕੈਡਮੀ ਦੇ ਸਕੱਤਰ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਪਏ ਖੱਪੇ ਨੂੰ ਸੌਖਿਆ ਹੀ ਪੂਰਿਆ ਨਹੀਂ ਜਾ ਸਕਦਾ।

## ਕਸਮਾਂ ਖਾਓ

ਪੱਟੀ — ਅਕਾਲੀ ਦਲ ਦੇ ਇਕ ਸਥਾਨਕ ਵਰਕਰ ਪ੍ਰਿਥੀਪਾਲ ਸਿੰਘ ਐਡਵੋਕੇਟ ਨੇ ਕਿਹਾ ਹੈ ਕਿ ਸਾਰੀਆਂ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਇਸ ਗੱਲ ਤੋਂ ਇਨਕਾਰ ਕਰਦੀਆਂ ਹਨ ਕਿ ਉਨ੍ਹਾਂ ਦਾ ਪੰਜਾਬ ਵਿਚ ਹੋ ਰਹੇ ਬੇਕਸੂਰਾਂ ਦੇ ਕਤਲਾਂ ਨਾਲ ਅਤੇ ਥਾਂ ਥਾਂ ਹੋ ਰਹੀਆਂ ਡਕੈਤੀਆਂ ਨਾਲ ਕੋਈ ਸਬੰਧ ਹੈ। ਪਰ ਫਿਰ ਵੀ ਇਹ ਵਾਰਦਾਤਾਂ ਵਧਦੀਆਂ ਜਾ ਰਹੀਆਂ ਹਨ। ਇਸ ਕਰਕੇ ਇਸ ਕੰਮ ਨੂੰ ਰੋਕਣ ਵਾਸਤੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਹੋਰ ਜਥੇਬੰਦੀਆਂ ਨੂੰ ਇਕ ਦਿਨ ਮਿਲ ਦੇ 'ਕਸਮ ਦਿਵਸ' ਮਨਾਉਣਾ ਚਾਹੀਦਾ ਹੈ ਜਿਸ ਵਿਚ ਇਹ ਕਸਮ ਖਾਧੀ ਜਾਵੇ ਕਿ ਉਨ੍ਹਾਂ ਦਾ ਹੋ ਰਹੀਆਂ ਵਾਰਦਾਤਾਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਇਹ ਜਥੇਬੰਦੀਆਂ ਸੱਚੇ ਦਿਲੋਂ ਇਨ੍ਹਾਂ ਵਾਰਦਾਤਾਂ ਦਾ ਵਿਰੋਧ ਕਰਨਗੀਆਂ।


JOHAL'S COLLISION Ltd.



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

ALL TYPES OF BODY REPAIRS — FREE ESTIMATES —
ALL WORK CONDITIONALLY GUARANTEED

• CARS
• TRUCKS

Balbir or Paul
12051 - 86th Ave. SURREY
Ph. 591-8151



BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

# ਰਾਜ ਸਭਾ ਦੀਆਂ 19 ਸੀਟਾਂ ਲਈ ਪੋਲਿੰਗ 20 ਨੂੰ

ਨਵੀਂ ਦਿੱਲੀ — ਅੱਠ ਰਾਜਾਂ ਤੋਂ ਰਾਜ ਸਭਾ ਦੀਆਂ 19 ਸੀਟਾਂ ਭਰਨ ਵਾਸਤੇ ਨੋਟੀਫਿਕੇਸ਼ਨ ਜਾਰੀ ਹੋਣਗੀਆਂ। ਇਹ ਨੋਟੀਫਿਕੇਸ਼ਨਾਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਲੋਂ ਜਾਰੀ ਕੀਤੀਆਂ ਜਾਣਗੀਆਂ। ਇਨ੍ਹਾਂ ਦੇ ਨਾਲ ਹੀ ਜੰਮੂ-ਕਸ਼ਮੀਰ ਵਿਧਾਨ ਪ੍ਰੀਸ਼ਦ ਦੀਆਂ ਪੰਦਰਾਂ ਸੀਟਾਂ ਭਰਨ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਕੀਤੀ ਜਾਵੇਗਾ।

ਰਾਜ ਸਭਾ ਦੀਆਂ ਸੀਟਾਂ ਲਈ ਮਤਦਾਨ 20 ਮਾਰਚ ਨੂੰ ਹੋਵੇਗਾ। ਇਨ੍ਹਾਂ ਲਈ ਨਾਮਜ਼ਦਗੀ ਪਰਚੇ 10 ਮਾਰਚ ਤੱਕ ਪ੍ਰਵਾਨ ਕੀਤੇ ਗਏ।

ਰਾਜ ਸਭਾ ਵਿਚ 19 ਸੀਟਾਂ ਲਈ ਪਹਿਲੇ ਮੈਂਬਰਾਂ ਦੀ ਮਿਆਦ ਪੁੱਗਣ ਕਾਰਨ ਖਾਲੀ ਹੋ ਰਹੀਆਂ ਹਨ। ਇਨ੍ਹਾਂ ਸੀਟਾਂ ਵਿਚੋਂ ਛੇ ਆਂਧਰਾ ਪ੍ਰਦੇਸ਼ ਤੋਂ ਹਨ, ਚਾਰ ਕਰਨਾਟਕ ਤੋਂ, ਤਿੰਨ ਕਰੇਲਾ ਤੋਂ ਅਤੇ ਦੋ ਆਸਾਮ ਤੋਂ। ਹਿਮਾਚਲ ਪ੍ਰਦੇਸ਼ ਜੰਮੂ-ਕਸ਼ਮੀਰ, ਨਾਗਾਲੈਂਡ ਤੇ ਤ੍ਰਿਪੁਰਾ ਤੋਂ ਇਕ-ਇਕ ਸੀਟ ਭਰੀ ਜਾਵੇਗੀ। ਇਨ੍ਹਾਂ 19 ਸੀਟਾਂ ਤੋਂ ਇਲਾਵਾ 45 ਹੋਰ ਸੀਟਾਂ ਲਈ ਚੋਣ ਇਸ ਸਾਲ ਅਗਸਤ ਮਹੀਨੇ ਹੋਣ ਦੀ ਸੰਭਾਵਨਾ ਹੈ ਕਿਉਂਕਿ ਰਾਜ ਸਭਾ ਦੇ 45 ਮੈਂਬਰ ਅਗਸਤ ਮਹੀਨੇ ਵਿਚ ਰੀਟਾਇਰ ਹੋ ਰਹੇ ਹਨ। ਇਨ੍ਹਾਂ 45 ਮੈਂਬਰਾਂ ਵਿਚੋਂ ਸੱਤ ਬਿਹਾਰ ਤੋਂ ਹਨ, ਦੋ ਹਰਿਆਣਾ ਤੋਂ, ਪੰਜ ਮੱਧ ਪ੍ਰਦੇਸ਼ ਤੋਂ, ਛੇ ਮਹਾਂਰਾਸ਼ਟਰ ਤੋਂ, ਤਿੰਨ ਉੜੀਸਾ ਤੋਂ, ਦੋ ਪੰਜਾਬ ਤੋਂ, ਚਾਰ ਰਾਜਸਥਾਨ ਤੋਂ ਅਤੇ ਛੇ ਤਾਮਿਲਨਾਡੂ ਤੋਂ। ਉਤਰ ਪ੍ਰਦੇਸ਼ ਨਾਲ ਸਬੰਧਤ ਗਿਆਰਾਂ ਮੈਂਬਰ ਵੀ ਅਗਸਤ ਮਹੀਨੇ ਵਿਚ ਰਿਟਾਇਰ ਹੋਣਗੇ। ਇਨ੍ਹਾਂ ਕੁੱਲ 45 ਮੈਂਬਰਾਂ ਵਿਚ ਕਾਂਗਰਸ (ਆਈ) ਦੇ ਵਰਕਿੰਗ ਪ੍ਰਧਾਨ ਕਮਲਾਪਤੀ ਤ੍ਰਿਪਾਠੀ, ਕੁੱਲ ਹਿੰਦ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ ਸ੍ਰੀਮਤੀ ਨਜਮਾ ਹੈਪਟੁੱਲਾ, ਪ੍ਰੋ: ਜੇ ਕੇ ਜੈਨ, ਸਾਬਕਾ ਮੰਤਰੀ ਕਲਪਤਨਾਥ ਰਾਏ, ਕਾਂਗਰਸ (ਐਸ) ਆਗੂ ਐਸ. ਡਬਲਿਊ. ਧਾਬੇ ਤੇ ਲੋਕ ਦਲ ਦੇ ਸੁਸ਼ੀਲ ਚੰਦਰ ਮਹੰਤਾ ਸ਼ਾਮਲ ਹੋਣਗੇ।

ਇਸੇ ਦੌਰਾਨ ਸਰਕਾਰ ਨੇ 2 ਅਪਰੈਲ ਸ੍ਰੀ ਖੁਸ਼ਵੰਤ ਸਿੰਘ, ਸ੍ਰੀ ਵੀ. ਸੀ. ਗਣੇਸ਼ਨ, ਡਾ. ਲੋਕੇਸ਼ ਚੰਦਰ ਤੇ ਸ੍ਰੀ ਸਕਾਰੋ ਸਵੂ ਦੀ ਰਿਟਾਇਰਮੈਂਟ ਕਾਰਨ ਖਾਲੀ ਹੋਣ ਵਾਲੀਆਂ ਰਾਜ ਸਭਾ ਦੀਆਂ ਚਾਰ ਸੀਟਾਂ 'ਤੇ ਨਾਮਜ਼ਦ ਕੀਤੇ ਜਾਣ ਵਾਲੇ ਚਾਰ ਉੱਘੇ ਵਿਅਕਤੀਆਂ ਦੇ ਨਾਵਾਂ ਬਾਰੇ ਅਜੇ ਤਾਈਂ ਕੋਈ ਫੈਸਲਾ ਨਹੀਂ ਲਿਆ।

# ਬੰਗਲਾ ਦੇਸ਼ 'ਚ ਆਮ ਚੋਣਾਂ ਅਪਰੈਲ ਦੇ ਆਖਰੀ ਹਫਤੇ

ਢਾਕਾ — ਬੰਗਲਾ ਦੇਸ਼ ਦੇ ਫੌਜੀ ਰਾਸ਼ਟਰਪਤੀ ਲੈਫਟੀਨੈਂਟ ਜਨਰਲ ਐਚ. ਐਮ. ਇਰਸ਼ਾਦ ਨੇ ਐਲਾਨ ਕੀਤਾ ਕਿ ਦੇਸ਼ ਵਿਚ ਪਾਰਲੀਮਾਨੀ ਚੋਣਾਂ ਇਸ ਸਾਲ ਅਪਰੈਲ ਦੇ ਆਖਰੀ ਹਫਤੇ ਕਰਾਈਆਂ ਜਾਣਗੀਆਂ। ਸਰਕਾਰੀ ਰੇਡੀਓ ਤੇ ਟੈਲੀਵੀਜ਼ਨ ਤੋਂ ਕੌਮ ਦੇ ਨਾਂ ਇਕ ਪ੍ਰਸਾਰਣ ਵਿਚ ਉਨ੍ਹਾਂ ਕਿਹਾ ਕਿ ਅਸੀਂ ਜਾਤੀਆਂ ਸੰਸਦ ਦੀਆਂ ਚੋਣਾਂ ਅਪਰੈਲ ਦੇ ਅਖਰੀਲੇ ਹਫਤੇ ਕਰਾਉਣ ਦਾ ਫੈਸਲਾ ਕੀਤਾ ਹੈ ਤੇ ਚੋਣਾਂ ਦੀ ਤਾਰੀਖ 'ਤੇ ਪਰੋਗਰਾਮ ਦਾ ਐਲਾਨ ਚੋਣ ਕਮਿਸ਼ਨ ਬਾਅਦ ਵਿਚ ਕਰਨਗੇ। ਜਨਰਲ ਇਰਸ਼ਾਦ ਨੇ ਕਿਹਾ "ਸਾਡੀ ਇਹ ਦਿਲੀ ਇੱਛਾ ਹੈ ਕਿ ਵਿਰੋਧੀ ਪਾਰਟੀਆਂ ਚੋਣਾਂ ਵਿਚ ਹਿੱਸਾ ਲੈਣ ਇਸੇ ਲਈ ਅਸੀਂ ਪਾਰਲੀਮਾਨੀ ਚੋਣਾਂ ਪਹਿਲਾਂ ਕਰਵਾਉਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਚੋਣ ਵਿਚ ਸ਼ਾਮਲ ਕਰਨ ਲਈ ਅਸੀਂ ਇਹ ਯਕੀਨ ਦਿਵਾਉਂਦੇ ਹਾਂ ਕਿ ਨਿਰਪੱਖ ਤੇ ਆਜ਼ਾਦ ਮਾਹੌਲ ਵਿਚ ਚੋਣ ਕਰਾਉਣਾ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਜੇ ਵਿਰੋਧੀ ਪਾਰਟੀਆਂ ਚੋਣਾਂ ਵਿਚ ਭਾਗ ਲੈਣਗੀਆਂ ਤਾਂ ਤਿੰਨ ਨੁਕਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਤਾਰੀਖ ਤੋਂ ਲਾਗੂ ਕੀਤੇ ਜਾਣਗੇ ਪਹਿਲਾ ਇਹ ਕਿ ਚੋਣ ਲੜਨ ਵਾਲੇ ਹਰੇਕ ਵਜ਼ੀਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਵੇਗਾ। ਦੂਜਾ ਸਾਰੀਆਂ ਫੌਜੀ ਅਦਾਲਤਾਂ ਖਤਮ ਕਰਕੇ ਜ਼ੋਨਲ ਫੌਜੀ ਲਾਅ ਪ੍ਰਸ਼ਾਸਕਾਂ ਤੇ ਉਨ੍ਹਾਂ ਮਾਤਹਿਤਾਂ ਦੇ ਅਹੁਦੇ ਖਤਮ ਕਰ ਕੇ ਉਨ੍ਹਾਂ ਦੇ ਦਫਤਰ ਬੰਦ ਕਰ ਦਿਤੇ ਜਾਣਗੇ।

# ਕੰਪਲੈਕਸ ਦਾ ਪ੍ਰਬੰਧ ਕਮੇਟੀ ਹਵਾਲੇ ਕਰੋ — ਠੇਕੇਦਾਰ

ਲੁਧਿਆਣਾ — ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਸੁਰਜਨ ਸਿੰਘ ਠੇਕੇਦਾਰ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨੂੰ ਅਪੀਲ ਕੀਤੀ ਹੈ ਕਿ ਉਹ ਦਰਬਾਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦੇਣ। ਇਥੇ ਮਿਲਰ ਗੰਜ ਵਿਚ ਪਾਰਟੀ ਵਰਕਰਾਂ ਦੀ ਇਕ ਮੀਟਿੰਗ ਵਿਚ ਵਿਚਾਰ ਪ੍ਰਗਟ ਕਰਦਿਆਂ ਸ੍ਰੀ ਠੇਕੇਦਾਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਹੀ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ ਚੁਣੀ ਹੋਈ ਕਾਨੂੰਨੀ ਸੰਸਥਾ ਹੈ। ਉਨ੍ਹਾਂ ਨੇ ਸਾਰੇ ਸਿੱਖਾਂ ਨੂੰ ਸੰਕਟ ਦੇ ਇਸ ਮੌਕੇ ਉਤੇ ਇਕਮੁੱਠ ਹੋਣ ਦਾ ਸੱਦਾ ਦਿਤਾ।

ਅਕਾਲੀ ਨੇਤਾ ਨੇ ਅਤਿਵਾਦੀਆਂ ਨੂੰ ਸਲਾਹ ਦਿਤੀ ਹੈ ਕਿ ਅਤਿਵਾਦ ਦਾ ਰਾਹ ਛੱਡ ਕੇ ਪੰਜਾਬ ਦੇ ਵਿਕਾਸ ਦੇ ਕੰਮਾਂ ਵਿਚ ਜੁਟ ਜਾਣ। ਉਨ੍ਹਾਂ ਨੇ ਅਕਾਲੀ ਵਰਕਰਾਂ ਨੂੰ ਭਰੋਸਾ ਦਿਤਾ ਕਿ ਪੰਜਾਬ ਸਮਝੌਤਾ ਲਾਗੂ ਹੋਵੇਗਾ।

# ਬੀ. ਸੀ. ਅਸੰਬਲੀ ਦਾ ਅਜਲਾਸ ਆਰੰਭ ਚੋਣਾਂ ਜਿੱਤਣ ਲਈ ਵੱਡੀਆਂ ਵੱਡੀਆਂ ਗੱਲਾਂ

ਵਿਕਟੋਰੀਆ — ਬੀ. ਸੀ. ਦੀ ਸੋਕਰਡ ਸਰਕਾਰ ਨੇ 11 ਮਾਰਚ 1986 ਨੂੰ ਅਸੰਬਲੀ ਦਾ ਅਜਲਾਸ ਆਰੰਭ ਕੀਤਾ ਹੈ। ਅਜਲਾਸ ਨੂੰ ਆਰੰਭ ਕਰਨ ਸਮੇਂ ਲੈਫਟੀਨੈਂਟ ਗਵਰਨਰ ਬੌਬ ਰੌਜਰਜ ਨੇ ਹਾਕਮ ਪਾਰਟੀ ਵਲੋਂ ਤਿਆਰ ਕੀਤੀ ਸਪੀਚ ਪੜ੍ਹੀ। ਜਿਸ ਵਿਚ ਬੀ. ਸੀ. ਦੇ ਲੋਕਾਂ ਨੂੰ ਬੀ. ਸੀ. ਦੀ ਨਵੀਂ ਆਰਥਿਕਤਾ' ਦਾ ਚਕਮਾ ਦਿਤਾ ਗਿਆ ਹੈ। ਸੰਖੇਪ ਵਿਚ ਇਸ ਨੂੰ ਸਰਕਾਰ ਦਾ 'ਚੋਣਾਂ ਲਈ ਪ੍ਰਾਪੇਗੰਡਾ' ਕਿਹਾ ਗਿਆ ਹੈ। ਲੈ: ਗਵ: ਦੀ ਸਪੀਚ ਦੇ ਮੁੱਖ ਨੁਕਤੇ ਇਹ ਹਨ :

- ਬਿਜ਼ਨਿਸ ਕਮਿਊਨਿਟੀ ਨੂੰ ਟੈਕਸ ਚੋਂ ਛੋਟਾਂ ਦਿੱਤੀਆਂ ਜਾਣਗੀਆਂ।
- ਪਬਲਿਕ ਸੈਕਟ ਵਿਚ 'ਹੱਥ ਘੁੱਟਣ' ਦੀ ਨੀਤੀ ਜਾਰੀ ਰਹੇਗੀ।
- ਮਾਲਕਾਂ ਤੇ ਵਰਕਰਾਂ ਵਿਚਕਾਰ ਸਮਝੌਤੇ ਲਈ ਵਿਚੋਲਗੀ ਦਾ ਪ੍ਰਬੰਧ
- ਮੁਢਲੇ ਅਧਿਕਾਰਾਂ ਤੇ ਆਜ਼ਾਦੀਆਂ ਲਈ ਨਵਾਂ ਕਾਨੂੰਨ ਬਣੇਗਾ
- ਇਸਤਰੀਆਂ ਦੇ ਕੁਟਾਪੇ ਅਤੇ ਬੱਚਿਆਂ ਨਾਲ ਦੁਰ ਵਿਵਹਾਰ ਰੋਕਣ ਲਈ ਕਾਨੂੰਨ ਬਣੇਗਾ
- ਕੰਪਨਸੇਸ਼ਨ ਲਈ ਹੋਰ ਰਕਮਾਂ
- ਬਹੁ ਕੌਮੀ ਸਭਿਆਚਾਰ ਲਈ ਨਵਾਂ ਪਰੋਗਰਾਮ
- ਸਿਹਤ-ਸੰਭਾਲ ਲਈ ਨਵਾਂ ਪਰੋਗਰਾਮ ਆਦਿ

ਐਨ. ਡੀ. ਪੀ. ਅਤੇ ਲਿਬਰਲ ਪਾਰਟੀ ਨੇ ਸਪੀਚ ਤੇ ਤਿੱਖੀ ਨੁਕਤਾਚੀਨੀ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਨਿਰਾ ਧੋਖਾ ਹੈ। ਬਾਅਦ ਵਿਚ ਅਸਬੰਲੀ ਸੈਸ਼ਨ ਵਿਚੋਂ ਪ੍ਰੀਮੀਅਰ ਅਤੇ ਵਿਰੋਧੀ ਨੇਤਾ ਸ੍ਰੀ ਸਕੈਲੀ ਦੀਆਂ ਝੜਪਾਂ ਹੋਈਆਂ।

# ਦਰਬਾਰ ਸਾਹਿਬ 'ਚ ਭੜਕੀਲੇ ਲਿਬਾਸ ਤੇ ਫੈਸ਼ਨ ਦੀ ਮਨਾਹੀ

ਅੰਮ੍ਰਿਤਸਰ — ਅਕਾਲ ਤਖਤ ਸਾਹਿਬ ਦੇ ਨਵੇਂ ਜਥੇਦਾਰ ਨੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਨਵੀਆਂ ਹਦਾਇਤਾ ਜਾਰੀ ਕੀਤੀਆਂ ਹਨ ਅਤੇ ਇਹ ਹਦਾਇਤਾਂ ਕੰਪਲੈਕਸ ਦੇ ਬਾਹਰ ਲੱਗੇ ਸਾਈਨ ਬੋਰਡਾਂ ਤੋਂ ਦੇਖੀਆਂ ਜਾ ਸਕਦੀਆਂ ਹਨ। ਹਦਾਇਤਾਂ ਵਿਚ ਕਿਹਾ ਗਿਆ ਹੈ ਕਿ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ਇਹ ਜ਼ਰੂਰੀ ਹੈ ਕਿ ਕੋਈ ਵੀ ਵਿਅਕਤੀ ਭੜਕੀਲਾ ਲਿਬਾਸ, ਭੜਕੀਲਾ ਫੈਸ਼ਨ ਜਾਂ ਸ਼ਿੰਗਾਰ ਕਰ ਕੇ ਨਾ ਆਏ। ਹਰ ਇਕ ਵਿਅਕਤੀ ਆਪਣੇ ਸਿਰ ਨੂੰ ਢੱਕ ਕੇ ਆਏ। ਇਸ ਤੋਂ ਇਲਾਵਾ ਕੋਈ ਵੀ ਪੁਲਸ ਕਰਮਚਾਰੀ ਦਰਬਾਰ ਸਾਹਿਬ ਦੀ ਪਵਿੱਤਰ ਹਦੂਦ ਵਿਚ ਵਰਦੀ ਪਾ ਕੇ ਦਾਖਲ ਨਹੀਂ ਹੋ ਸਕੇਗਾ।

ਅਕਾਲੀ ਤਖਤ ਦੇ 'ਜਥੇਦਾਰ' ਭਾਈ ਗੁਰਦੇਵ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਦਰਬਾਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਦਰਬਾਰ ਸਾਹਿਬ ਕੰਪਲੈਕਸ ਵਿਚ ਸ਼ਰਾਬ ਦੇ ਨਸ਼ੇ ਵਿਚ ਫਿਰਦਾ ਵੇਖਿਆ ਗਿਆ ਜਾਂ ਅਫੀਮ ਜਾਂ ਕੋਈ ਹੋਰ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਨੂੰ ਸਖਤ ਸਜ਼ਾ ਹੋਵੇਗੀ। ਜੇਕਰ ਕੰਪਲੈਕਸ ਵਿਚ ਕੋਈ ਵਿਅਕਤੀ ਦੁਰਾਚਾਰ ਜਾਂ ਵਿਭਚਾਰ ਕਰਦਾ ਕਾਬੂ ਵਿਚ ਆ ਗਿਆ ਤਾਂ ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇਗੀ।


## ਦੋ ਲੱਖ ਡਾਲਰ ਦਾ ਫਰਕ

ਰਜਿਸਟਰਡ ਰੀਟਾਇਰਮੈਂਟ ਸੇਵਿੰਗ ਪਲੈਨ (RRSP) ਲਈ ਰਕਮ ਲਾਉਣ ਸਮੇਂ ਤਣਾਅ ਭਰੀ ਚਿੰਤਾ ਤੋਂ ਬਚਣ ਦਾ ਢੰਗ

ਇਹ ਦੋ ਲੱਖੀ ਫਰਕ ਹੈ, ਇੰਡਸਟਰੀਅਲ ਗਰੋਥ ਫੰਡ ਰੀਟਾਇਰਮੈਂਟ: ਸੇਵਿੰਗ ਪਲੈਨ ਵਿਚ ਅਤੇ ਬੈਂਕ ਦੇ ਗਰੰਟੀ ਵਾਲੇ ਇਨਵੈਸਟਮੈਂਟ ਸਰਟੀਫਿਕੇਟਾਂ (GIC) ਵਿਚ ਪਿਛਲੇ ਅਠਾਰਾਂ ਸਾਲ ਆਪਣੀ ਕਮਾਈ ਲਾਉਣ ਦਾ।

ਹਾਂ ! ਇਹ ਬਿਲਕੁਲ ਸੱਚ ਹੈ ! ਜੇ ਤੁਸੀਂ RRSP ਲਈ ਵੱਧ ਤੋਂ ਵੱਧ ਪਰਵਾਨਿਤ ਰਕਮ ਹਰ ਸਾਲ ਇੰਡਸਟਰੀਅਲ ਗਰੋਥ ਫੰਡ ਵਿਚ ਲਾਈ ਹੁੰਦੀ ਤਾਂ ਹੁਣ ਤੁਹਾਡੇ ਹਿਸਾਬ ਵਿਚ 417455 ਡਾਲਰ ਹੁੰਦੇ ਹਾਲਾਂ ਕਿ ਤੁਸੀਂ ਆਪਣੇ ਕੋਲੋਂ ਸਿਰਫ 78000 ਡਾਲਰ ਦੇਣੇ ਸਨ। ਬੈਂਕ ਦੇ ਪੰਜ ਸਾਲਾ ਗਰੰਟੀ ਸਰਟੀਫਿਕੇਟਾਂ ਨਾਲੋਂ ਤੁਹਾਡੇ ਕੋਲ ਹੁਣ 228450 ਡਾਲਰ ਵਧੇਰ ਹੋ ਸਕਦੇ ਸਨ।

ਇਹ ਇਕ ਹੈਰਾਨ ਕਰਨ ਵਾਲਾ ਸੱਚ ਹੈ ਕਿ ਇੰਡਸਟਰੀਅਲ ਗਰਥ ਫੰਡ ਦੇ ਨਫੇ ਦਾ ਲੰਮੇ ਸਮੇਂ ਦਾ ਰੀਕਾਰਡ ਅਨੋਖਾ ਹੈ ਤੇ ਅਸਾਧਾਰਨ ਹੈ। ਮਿਸ਼ਰਤ ਵਿਆਜ ਅਨੁਸਾਰ ਹਰ ਸਾਲ ਹੋਣ ਵਾਲੇ ਮੁਨਾਫੇ ਦਾ ਰੇਟ ਪਿਛਲੇ 18 ਸਾਲਾਂ ਵਿਚ 18% ਸੀ, 10 ਸਾਲਾਂ ਵਿਚ 19.8%, 3 ਸਾਲਾਂ ਵਿਚ 21.3%, 1 ਸਾਲ ਵਿਚ 29.3%।

ਇਹ ਮਕੈਂਜ਼ੀ ਫਾਈਨੈਂਨਸ਼ਲ ਕਾਰਪੋਰੇਸ਼ਨ ਦੀ ਬਹੁਤ ਬਚਵੀਂ ਪਰ ਸਿਆਣੀ, ਨਫੇ ਭਰੀ ਪਾਲਿਸੀ ਅਨੁਸਾਰ ਰਕਮ ਲਾਉਣ ਦਾ ਸਿੱਧਾ ਨਤੀਜਾ ਹੈ ਜਿਸ ਨਾਲ ਆਪਦੀ ਰਕਮ ਲਗਾਤਾਰ ਤਿੱਖੇ ਰੇਟ ਨਾਲ ਵਧਦੀ ਰਹਿੰਦੀ ਹੈ

ਇਸ ਨਾਲ ਤੁਹਾਡੀ ਚਿੰਤਾ ਘਟਦੀ ਹੈ ਪਰ ਮੁਨਾਫਾ ਵਧਦਾ ਹੈ। ਸ਼ੁਰੂ ਵਿਚ ਤੁਸੀਂ ਟੈਕਸ ਦੀ ਬੱਚਤ ਕਰਦੇ ਹੋ ਅਤੇ ਅਖੀਰ ਵਿਚ ਤੁਹਾਡੇ ਪੱਲੇ ਬਹੁਤ ਚੋਖੀ ਰਕਮ ਪੈਂਦੀ ਹੈ।

**The Industrial Growth Fund RRSP**

ਤੁਹਾਡੀ RRSP ਦਾ ਪ੍ਰਬੰਧ ਕਰਦੇ ਹੋਏ ਅਸੀਂ ਦੋਨੋਂ ਪਾਸੇ ਨਿਗਾਹ ਰੱਖਦੇ ਹਾਂ



☐ ਮੈਂ RRSP ਦੀ ਰਕਮ ਲਾਉਣ ਸਮੇਂ ਆਪਣੀ ਚਿੰਤਾ ਘਟਾਉਣਾ ਪਰ ਆਮਦਨ ਵਧਾਉਣਾ ਚਾਹੁੰਦਾ/ਚਾਹੁੰਦੀ ਹਾਂ। ਕਿਰਪਾ ਕਰਕੇ ਮੈਨੂੰ RRSP ਬਾਰੇ ਜਾਣਕਾਰੀ ਦਿਓ।

ਨਾਉਂ ______________

ਸਿਰਨਾਮਾ ______________

______________

ਫੋਨ ਘਰ ______________

ਫੋਨ ਦਫਤਰ ______________

ਪੂਰੀ ਜਾਣਕਾਰੀ ਲਈ ਕੂਪਨ ਡਾਕ ਵਿਚ ਪਾਓ ਜਾਂ ਮੈਨੂੰ ਫੋਨ ਕਰੋ

**ਗੁਰਚਰਨ ਰਾਮਪੁਰੀ**

Great Pacific Management Co. Ltd.
Suite 1010 - 1200 Burrard St.
Vancouver, B.C. V6Z 2C7
Bus: 669-1143 Res: 986-2883



## NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

**Malkiat Mutti**
representative
320, 815 West Hastings St.
Vancouver, B.C. V6C 2W1

**Bus. 685-9335**
**Res. 522-7167**

# ਸਾ ਹਿ ਤ ਦ ਰ ਪ ਣ



## ਸ਼ਹਿਰਯਾਰ

ਦੇਵਿੰਦਰ ਸਤਿਆਰਥੀ

ਇਕ ਹੱਥ ਦੀਆਂ ਉਂਗਲਾਂ ਤੇ ਜਿਸ ਦਾ ਤੀਜਾ ਨਾ ਆਉਂਦਾ ਹੈ, ਅੱਜ ਉਸ ਦੀ ਗੱਲ ਕਰ ਰਿਹਾ ਹਾਂ ।

ਸ਼ਾਇਦ ਮੈਂ ਉਸ ਨੂੰ ਉਤਨਾ ਚੰਗਾ ਨਹੀਂ ਲੱਗਾ, ਜਿਤਨਾ ਉਹ ਮੈਨੂੰ ।

ਮੇਰੇ ਬਾਰੇ ਇਕ ਵੇਰ ਉਸ ਨੇ ਕਿਹਾ ਸੀ, "ਨਹੀਂ ਰੀਸਾਂ ਝਨਾਂ ਦੀਆਂ, ਸੁੱਕੀ ਵੀ ਵਗੇ....." ਉਸ ਦੇ ਬਾਰੇ ਮੈਂ ਕੀ ਆਖਾਂ ?

ਆਪਣੇ ਘਰ ਸ਼ਾਨਦਾਰ ਪੁਸਤਕਾਲਯ ਮੈਂ ਨਹੀਂ ਬਣਾ ਸਕਿਆ । ਕਿਤਾਬਾਂ ਜ਼ਰੂਰ ਇਕੱਠੀਆਂ ਹੁੰਦੀਆਂ ਗਈਆਂ, ਉਹ ਵੀ ਉਘੜ-ਦੁਗੜੀਆਂ । ਉਨ੍ਹਾਂ ਨੂੰ ਕਿਸੇ ਤਰਤੀਬ ਵਿਚ ਰੱਖਣ ਦਾ ਵੱਲ ਮੈਂ ਨਹੀਂ ਸਿਖ ਸਕਿਆ ।

ਜਿਸ ਮਿੱਤਰ ਦੀ ਮੈਂ ਗੱਲ ਕਰ ਰਿਹਾ ਹਾਂ, ਉਸ ਦੇ ਪੁਸਤਕਾਲਯ ਦਾ ਕੋਈ ਮੁਕਾਬਲਾ ਨਹੀਂ । ਕਿਤਾਬਾਂ ਉਸ ਦੇ ਘਰ ਸ਼ੈਲਫਾਂ ਵਿਚ ਪਈਆਂ ਜੀਉਂਦੇ ਬੰਦਿਆਂ ਵਾਂਗ ਦਿਸਦੀਆਂ ਹਨ । ਕਮਾਲ ਦੀ ਤਰਤੀਬ । ਕਮਾਲ ਦੀ ਸਫਾਈ ।

ਇਸੇ ਮਿੱਤਰ ਸਦਕਾ ਮੈਂ ਅੱਜ ਤੋਂ ਇੱਕੀ ਵਰ੍ਹੇ ਪਹਿਲਾਂ ਲਾਹੌਰ ਛੱਡ ਕੇ ਦਿੱਲੀ ਆ ਵਸਿਆ ।

ਇਸੇ ਮਿੱਤਰ ਦੇ ਸਹਿਯੋਗ ਸਦਕਾ ਦੋ ਸਾਲ ਨੀਮ ਸਰਕਾਰੀ ਤੇ ਅੱਠ ਸਾਲ ਸਰਕਾਰੀ ਨੌਕਰੀ ਕਰਨ ਦਾ ਅਵਸਰ ਮਿਲਿਆ ।

ਦੇਸ ਦੀ ਵੰਡ ਤੋਂ ਪਹਿਲਾਂ ਹੋਏ ਫਸਾਦਾਂ ਦੇ ਦੌਰਾਨ ਇਕ ਵੇਰ ਉਸ ਨੇ ਮੈਨੂੰ ਕਿਹਾ ਸੀ, "ਜੇ ਤੂੰ ਦੋ ਵਰ੍ਹੇ ਪਹਿਲਾਂ ਦਿੱਲੀ ਨਾ ਆ ਜਾਂਦਾ, ਤਾਂ ਸਾਡੀ ਮੁਲਾਕਾਤ ਕਿਸੇ ਰਿਫੀਊਜੀ ਕੈਂਪ ਵਿਚ ਹੋਣੀ ਸੀ :"

ਮੈਂ ਕਿਹਾ, "ਕੀ ਪਤਾ, ਮੈਨੂੰ ਕਿਸੇ ਨੇ ਕਤਲ ਕਰ ਦਿਤਾ ਹੁੰਦਾ, ਸੰਤ ਨਗਰ ਦੀ ਵਿਸ਼ਨੂੰ ਗਲੀ ਵਿਚ ।"

ਉਸ ਨੇ ਮੇਰੀ ਪਿੱਠ ਥਾਪੜ ਕੇ ਕਿਹਾ, "ਓਏ ਬੰਦੇ ਦਿਆ ਪੁੱਤਰਾ, ਮੌਤ ਨੂੰ ਹਾਕਾਂ ਨਾ ਮਾਰ । ਮੈਂ ਤੈਨੂੰ ਮਰਨ ਨਹੀਂ ਦਿਆਂਗਾ ।"

ਜੇ ਮੈਂ ਅਜੇ ਤੱਕ ਮਰਿਆ ਨਹੀਂ, ਤਾਂ ਇਸ ਵਿਚ ਸਭ ਤੋਂ ਵੱਡਾ ਹੱਥ ਮੇਰੇ ਇਸੇ ਮਿੱਤਰ ਦਾ ਹੈ ।

ਜਦ ਮੈਂ ਭਾਰਤ ਸਰਕਾਰ ਦੇ ਪਬਲੀਕੇਸ਼ਨਜ਼ ਡਵੀਜ਼ਨ ਵਿਚ ਅੱਠ ਵਰ੍ਹੇ ਨੌਕਰੀ ਕਰਨ ਮਗਰੋਂ ਡਾਕਟਰ ਕੇਸਕਰ ਨਾਲ ਕੁਝ ਮਨ-ਮੁਟਾਵ ਹੋ ਜਾਣ ਕਰ ਕੇ ਮੁਕਤ ਹੋਇਆ, ਤਾਂ ਮੇਰੇ ਇਸ ਮਿੱਤਰ ਨੇ ਮੁੜ ਆਲ ਇੰਡੀਆ ਰੇਡੀਓ ਵਿਚ ਮੇਰੀ ਨੌਕਰੀ ਦਾ ਪੱਕਾ ਬੰਦੋਬਸਤ ਕਰ ਵਿਖਾਇਆ ।

ਇਹ ਨੌਕਰੀ ਲੋਕ-ਸਾਹਿਤ ਤੇ ਲੋਕ ਸੰਗੀਤ ਵਿਭਾਗ ਦੇ ਵਿਸ਼ੇਸ਼ ਅਧਿਕਾਰੀ ਦੇ ਰੂਪ ਵਿਚ ਸੀ ।

ਪਬਲੀਕੇਸ਼ਨਜ਼ ਡਿਵੀਜ਼ਨ ਵਿਚ ਮੈਂ ਨੌਕਰੀ ਛੱਡਣ ਵੇਲੇ ਬਾਰ੍ਹਾਂ ਸੌ ਤੋਂ ਉਪਰ ਲੈ ਰਿਹਾ ਸਾਂ । ਤੇ ਨਵੀਂ ਨੌਕਰੀ ਉਸ ਤੋਂ ਅੱਧੇ ਵੇਤਨ ਵਾਲੀ ਸੀ ।

ਇਹ ਮੇਰੇ ਸਵੈ-ਮਾਣ ਦਾ ਸਵਾਲ ਸੀ ।

ਭਾਵੇਂ ਮੇਰੀ ਮੁੱਢਲੀ ਨੀਮ-ਸਰਕਾਰੀ ਨੌਕਰੀ ਦੇ ਸਿਲਸਿਲੇ ਵਿਚ ਮਿਲਣ ਵਾਲਾ ਵੇਤਨ ਇਸ ਦਾ ਤੀਜਾ ਹਿੱਸਾ (ਯਾਨੀ ਕੁਲ ਦੋ ਸੌ ਰੁਪਏ) ਸੀ । ਪਰ ਨਵੇਂ ਹਾਲਾਤ ਵਿਚ ਮੈਂ ਇਹ ਮੁਨਾਸਿਬ ਸਮਝਿਆ ਕਿ ਮੈਂ ਇਹ ਨਵੀਂ ਨੌਕਰੀ ਸਵੀਕਾਰ ਨਾ ਕਰਾਂ ।

ਸ਼ਿਮਲੇ ਜਾ ਕੇ ਚਾਰਜ ਲੈ ਲੈਣ ਦੇ ਆਰਡਰ ਮੇਰੀ ਜੇਬ ਵਿਚ ਸਨ । ਤੇ ਮੈਂ ਆਪਣੇ ਇਸ ਮਿੱਤਰ ਨਾਲ ਸਲਾਹ ਕੀਤੇ ਬਿਨਾਂ ਹੀ ਆਲ ਇੰਡੀਆ ਰੇਡੀਓ ਦੇ ਡਾਇਰੈਕਟਰ ਜਨਰਲ ਸ੍ਰੀ ਜਗਦੀਸ਼ ਚੰਦਰ ਮਾਥੁਰ ਨੂੰ ਲਿਖ ਕੇ ਦੇ ਆਇਆ ਕਿ ਮੈਨੂੰ ਇਹ ਨੌਕਰੀ ਸਵੀਕਾਰ ਨਹੀਂ ।

ਮੇਰੇ ਇਸ ਮਿੱਤਰ ਨੂੰ ਪਤਾ ਲੱਗਾ, ਤਾਂ ਉਹ ਮੇਰੀ ਮੂਰਖਤਾ ਤੇ ਬਹੁਤ ਨਾਰਾਜ਼ ਹੋਇਆ । ਤੇ ਸੱਚ ਪੁੱਛੋ ਤਾਂ ਉਹ ਅੱਜ ਤੱਕ ਪੂਰਾ ਨਹੀਂ ਤਾਂ ਅੱਧਪਚੱਧ ਨਾਰਾਜ਼ ਜ਼ਰੂਰ ਹੈ ।

ਜੇ ਮੇਰਾ ਮਿੱਤਰ ਮੇਰੇ ਨਾਲ ਅੱਧੀ ਸੁਲ੍ਹਾ ਨਾ ਕਰ ਲੈਂਦਾ, ਤਾਂ ਮੈਨੂੰ 'ਪੰਜਾਬ ਦੇ ਲੋਕਗੀਤ' ਦੇ ਸੰਪਾਦਨ ਵਿਚ ਸ਼ਰੀਕ ਨਾ ਕਰਦਾ ।

ਪਿੱਛੇ ਜਿਹੇ ਚੰਦੀਗੜ੍ਹ ਵਿਚ ਡਾਕਟਰ ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਦੀ ਸੱਠਵੀਂ ਵਰ੍ਹੇ-ਗੰਢ ਦੇ ਸਿਲਸਿਲੇ ਵਿਚ ਅਭਿਨੰਦਨ ਕੀਤਾ ਜਾ ਰਿਹਾ ਸੀ । ਪ੍ਰਧਾਨ ਦੀ ਕੁਰਸੀ ਤੇ ਮੇਰਾ ਇਹ ਮਿੱਤਰ ਬਿਰਾਜਮਾਨ ਸੀ ।

ਸਭ ਤੋਂ ਅੰਤਲਾ ਭਾਸ਼ਨ ਮੇਰਾ ਸੀ । ਕਿਉਂਕਿ ਡਾਕਟਰ ਮਦਾਨ ਕੁਝ ਵੀ ਬੋਲਣਾ ਨਹੀਂ ਸਨ ਚਾਹੁੰਦੇ ।

ਮੈਂ ਸ਼ਾਂਤੀ ਨਿਕੇਤਨ ਦੀਆਂ ਪੁਰਾਣੀਆਂ ਯਾਦਾਂ ਦੇ ਫਰੇਮ ਵਿਚ ਜੜ ਕੇ ਹਜ਼ਾਰੀ ਪ੍ਰਸਾਦ ਦੀ ਜੋ ਤਸਵੀਰ ਵਿਖਾਈ, ਉਸ ਨੂੰ ਵੇਖ ਸੁਣ ਕੇ ਮੇਰਾ ਮਿੱਤਰ ਬਹੁਤ ਪ੍ਰਸੰਨ ਹੋਇਆ ।

ਮੇਰੇ ਭਾਸ਼ਨ ਮਗਰੋਂ ਮੇਰੇ ਮਿੱਤਰ ਨੇ ਡਾਕਟਰ ਮਦਾਨ ਨੂੰ ਮਜਬੂਰ ਕੀਤਾ ਕਿ ਉਹ ਜ਼ਰੂਰ ਕੁਝ ਆਖਣ ।

ਡਾਕਟਰ ਮਦਾਨ ਨੇ ਆਪਣੇ ਭਾਸ਼ਨ ਵਿਚ ਡਾਕਟਰ ਹਜ਼ਾਰੀ ਪ੍ਰਸਾਦ ਦੇ ਨਾਲ ਮੇਰਾ ਅਭਿਨੰਦਨ ਵੀ ਕਰ ਵਿਖਾਇਆ ।

ਹੁਣ ਪ੍ਰਧਾਨ ਨੇ ਬੋਲਣਾ ਸ਼ੁਰੂ ਕੀਤਾ ।

ਪ੍ਰਧਾਨਗੀ ਭਾਸ਼ਨ ਵਿਚ ਚਾਰ ਮਿੰਟ ਹਜ਼ਾਰੀ ਪ੍ਰਸਾਦ ਬਾਰੇ ਬੋਲ ਕੇ ਮੇਰੇ ਬਾਰੇ ਪਿਆਰ ਤੇ ਸਨਮਾਨ ਦੀ ਜੋ ਛਹਿਬਰ ਲਾਈ ਉਹ ਬਹੁਤ ਹੈਰਾਨ ਕਰਨ ਵਾਲੀ ਸੀ ।

ਲੱਗਦਾ ਸੀ, ਮੇਰਾ ਮਿੱਤਰ ਮਨ ਹੀ ਮਨ ਮੇਰੇ ਨਾਲ ਚਿਰੋਕਣੀ ਸੁਲ੍ਹਾ ਕਰ ਚੁੱਕਾ ਹੈ ।

ਕਾਂਗੜੇ ਦੀ ਯਾਤਰਾ ਦਾ ਜ਼ਿਕਰ ਕਰਦਿਆਂ ਮੇਰਾ ਮਿੱਤਰ ਮੈਨੂੰ ਅਕਸਰ ਯਾਦ ਦਿਲਾਂਦਾ ਹੈ :

"ਯਾਦ ਏ ਉਹ ਗੱਲ, ਜਦ ਤੈਨੂੰ ਫ਼ੋਟੋ ਲੈਂਦਿਆਂ ਵੇਖ ਕੇ ਨਾਦੌਨ ਦੇ ਮੇਲੇ ਵਿਚ ਜਾਸੂਸ ਸਮਝ ਬੈਠੇ ਸਨ, ਗੱਦੀ ਚਰਵਾਹੇ ।"

ਤੇ ਮੈਂ ਕਹਿੰਦਾ ਹਾਂ :

"ਮਹਾਰਾਜ, ਉਸ ਦਿਨ ਤੁਸੀਂ ਹੀ ਮੇਰੀ ਰੱਖਿਆ ਕੀਤੀ ਸੀ ।"

"ਪਰ ਇਕ ਗੱਲ ਤਾਂ ਜ਼ਰੂਰ ਸ਼ਲਾਘਾਯੋਗ ਹੈ ਕਿ ਕੋਈ ਕੰਮ ਰਿਸਕ ਲਏ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ ।" ਮੇਰਾ ਮਿੱਤਰ ਮੁਸਕਰਾ ਰਿਹਾ ਸੀ ।

ਆਪਣੀ ਪਹਿਲੀ ਨੌਕਰੀ ਦੇ ਦਿਨਾਂ ਵਿਚ, ਜਦ ਮੇਰਾ ਇਹ ਮਿੱਤਰ ਮੇਰਾ ਬੌਸ ਸੀ, ਇਕ ਪ੍ਰੈਸ ਨੇ ਦਫਤਰ ਨੂੰ ਸ਼ਕਾਇਤ ਲਿਖ ਭੇਜੀ, "ਤੁਹਾਡਾ ਐਡੀਟਰ ਤਾਂ ਹਰ ਵੇਲੇ ਡਿਕਸ਼ਨਰੀ ਹੀ ਵੇਖਦਾ ਰਹਿੰਦਾ ਹੈ ਤੇ ਮਸ਼ੀਨ ਪ੍ਰਿੰਟ ਆਰਡਰ ਦੀ ਉਡੀਕ ਵਿਚ ਖਲੋਤੀ ਰਹਿੰਦੀ ਹੈ ।"

ਜਦ ਮੇਰੇ ਕੋਲੋਂ ਇਸ ਬਾਰੇ ਪੁੱਛਿਆ ਗਿਆ ਤਾਂ ਮੈਂ ਅਸਤੀਫ਼ਾ ਲਿਖ ਕੇ ਪੇਸ਼ ਕਰ ਦਿੱਤਾ ।

ਪਹਿਲਾਂ ਤਾਂ ਮੇਰੇ ਮਿੱਤਰ ਨੇ ਕਿਹਾ, "ਠੀਕ ਹੈ । ਤੂੰ ਨੌਕਰੀ ਨਹੀਂ ਕਰਨਾ ਚਾਹੁੰਦਾ ਤਾਂ ਨਾ ਕਰ ।"

ਫੇਰ ਉਸ ਨੇ ਮੈਨੂੰ ਸਮਝਾਇਆ, "ਨੌਕਰੀ ਲੈਣੀ ਆਸਾਨ ਹੁੰਦੀ. ਏ, ਨਿਭਾਉਣੀ ਮੁਸ਼ਕਲ । ਲੈ ਫੜ ਆਪਣਾ ਅਸਤੀਫ਼ਾ ।"

ਮੈਂ ਬੜੀ ਦੋਚਿਤੀ ਵਿਚ ਸਾਂ । ਮੇਰੇ ਮਿੱਤਰ ਨੇ ਆਖਰ ਇਹ ਗੱਲ ਆਖੀ, "ਪ੍ਰੈਸ ਦੇ ਮੈਨੇਜਰ ਦੀ ਚਿੱਠੀ ਮੈਂ ਫਾੜ ਛੱਡੀ ਸੀ । ਮੈਂ ਤਾਂ ਤੇਰਾ ਇਮਤਿਹਾਨ ਲੈ ਰਿਹਾ ਸਾਂ । ਤੂੰ ਠੀਕ ਏਂ ਆਪਣੀ ਜਗ੍ਹਾ । ਡਿਕਸ਼ਨਰੀ ਵੇਖਣਾ ਕੋਈ ਗੁਨਾਹ ਤਾਂ ਨਹੀਂ ।"

ਆਪਣੇ ਮਿੱਤਰ ਦੇ ਘਰ ਇਕ ਵੇਰ ਮੇਰੀ ਮੁਲਾਕਾਤ ਇਕ ਵਾਲ-ਕੱਟੀ ਸੁੰਦਰੀ ਨਾਲ ਹੋਈ ਜੋ ਵਲਾਇਤੋਂ ਵਾਪਸ ਆਈ ਸੀ ਤੇ ਹੁਣ ਇਕ ਅੰਗਰੇਜ਼ੀ ਸਪਤਾਹਿਕ ਦਾ ਸੰਪਾਦਨ ਕਰ ਰਹੀ ਸੀ ।

ਮੈਂ ਉਸ ਕੁੜੀ ਤੋਂ ਪ੍ਰਭਾਵਿਤ ਹੋ ਕੇ ਉਸ ਬਾਰੇ ਇਕ ਰਚਨਾ ਵਿਚ ਰੁੱਝ ਗਿਆ ।

ਮੇਰੇ ਮਿੱਤਰ ਨੂੰ ਪਤਾ ਲੱਗਾ, ਤਾਂ ਉਸ ਨੇ ਮੈਨੂੰ ਸਮਝਾਇਆ, "ਬਈ ਤੂੰ ਕਿਤੇ ਉਸ ਕੁੜੀ ਦਾ ਆਸ਼ਕ ਤਾਂ ਨਹੀਂ ਬਣ ਗਿਆ ?"

ਮੈਨੂੰ ਯਾਦ ਹੈ, ਇਕ ਪਹੁੰਚੇ ਹੋਏ ਬੰਦੇ ਵਾਂਗ ਉਹ ਬੜੇ ਠਰ੍ਹੰਮੇ ਨਾਲ ਮੈਨੂੰ ਸਮਝਾਉਂਦਾ ਰਿਹਾ, ਵੇਖ ਬਈ, "ਰਚਣਹਾਰ ਤੇ ਰਚਨਾ ਦੇ ਪਾਤਰ ਵਿਚਕਾਰ ਫਾਸਲਾ ਹੋਣਾ ਜ਼ਰੂਰੀ ਹੈ, ਜਿਸ ਤੋਂ ਬਿਨਾਂ ਨਾ ਤਾਂ ਰਚਨਾ ਦਾ ਮੁਹਾਂਦਰਾ ਠੀਕ ਹੋ ਸਕਦਾ ਹੈ, ਤੇ ਨਾ ਉਹ ਗੁਣ ਪੈਦਾ ਹੋ ਸਕਦਾ ਹੈ, ਜਿਸ ਨੂੰ ਨਿਰਲੇਪਤਾ ਆਖਦੇ ਹਨ ।

ਆਪਣੇ ਇਸ ਮਿੱਤਰ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ ।

ਇਨਸਾਨ ਦੀ ਪਰਖ ਵਿਚ ਮੇਰੇ ਮਿੱਤਰ ਦਾ ਜਵਾਬ ਨਹੀਂ ।

ਇਹ ਗੱਲ ਵੀ ਮੈਂ ਉਸ ਤੋਂ ਸਿਖੀ ਕਿ ਆਪਣੇ ਤੋਂ ਛੋਟੀ ਉਮਰ ਵਾਲਿਆਂ ਨੂੰ ਆਪਣੇ ਤੋਂ ਵੱਡਾ ਮੰਨਣਾ ਚਾਹੀਦਾ ਹੈ ।

ਗੱਲਾਂ ਕਰਨ ਦੀ ਕਲਾ ਵਿਚ ਮੇਰੇ ਮਿੱਤਰ ਦੀ ਸ਼ੈਲੀ ਲਾਜਵਾਬ ਹੈ ।

ਕਿੰਨਾ ਚੁਸਤ, ਕਿੰਨਾ ਸਖਤ, ਕਿੰਨਾ ਕੋਮਲ .....

ਫਜ਼ੂਲ ਤੇ ਰਣ-ਛੋੜ ਬੰਦੇ ਵਿਚੋਂ ਵੀ ਕੁਝ ਲੱਭਿਆ ਜਾ ਸਕਦਾ ਹੈ । ਉਸ ਦਾ ਇਹ ਵਿਚਾਰ ਹੁਣ ਮੇਰਾ ਧਰਮ ਬਣ ਚੁੱਕਾ ਹੈ ।

ਕੁਝ ਹੱਡ ਬੀਤੀ, ਕੁਝ ਜਗਬੀਤੀ । ਦੋਹਾਂ ਦਾ ਸੁਮੇਲ ਕਰਨ ਦੀ ਰੀਝ ਵਿਚ ਵਿਕਸਤ ਹੋਣ ਦੇ ਅਨੇਕ ਅਵਸਰ ਮੈਨੂੰ ਆਪਣੇ ਮਿੱਤਰ ਦੇ ਸਹਿਯੋਗ ਤੇ ਸੰਪਾਦਕ ਸਦਕਾ ਪ੍ਰਾਪਤ ਹੋਏ ।

ਲਿਖੋ ਘੱਟ, ਪੜ੍ਹੋ ਵਧੇਰੇ । ਇਹ ਸਿੱਖਿਆ ਵੀ ਉਸੇ ਤੋਂ ਮਿਲੀ ।

ਕਾਂਗੜੇ ਤੇ ਕੁੱਲੂ ਦੀ ਯਾਤਰਾ ਵਿਚ ਕਈ ਹਫਤੇ ਅਸੀਂ ਇਕੱਠੇ ਰਹੇ ।

ਇਸ ਯਾਤਰਾ ਵਿਚ ਮੈਂ ਵੇਖਿਆ ਕਿ ਮੇਰਾ ਇਹ ਮਿੱਤਰ ਪੁਰਾਣਾ ਆਈ. ਸੀ. ਐਸ. ਹੋਣ ਦੇ ਨਾਤੇ ਇਕ ਵੱਡਾ ਅਫਸਰ ਹੀ ਨਹੀਂ, ਸਗੋਂ ਲੋਕਾਂ ਦਾ ਮਿੱਤਰ ਵੀ ਹੈ ।

ਬਿਲਾਸਪੁਰ ਦੇ ਰਾਜੇ ਕੋਲ ਕਾਂਗੜਾ ਕਲਾ ਦਾ ਇਕ ਸ਼ਾਹਕਾਰ ਸੀ, ਜੋ ਉਹ ਛਪਣ ਲਈ ਦੇਣ ਨੂੰ ਕਿਸੇ ਵੀ ਸ਼ਰਤ ਤੇ ਤਿਆਰ ਨਹੀਂ ਸੀ ।

ਪਹਿਲਾਂ ਮੇਰੇ ਮਿੱਤਰ ਨੇ ਰਿਹਰਸਲ ਕਰਾਈ ਕਿ ਕਿਵੇਂ ਮੈਂ ਆਪਣੀ ਦਾੜ੍ਹੀ ਦਾ ਵਾਸਤਾ ਦੇ ਕੇ ਬਿਲਾਸਪੁਰ ਦੇ ਰਾਜੇ ਮੂਹਰੇ ਨਿਵੇਦਨ ਕਰਾਂ, ਤੇ ਫੇਰ ਵੇਲੇ ਸਿਰ ਮੈਨੂੰ ਅੱਖਾਂ ਹੀ ਅੱਖਾਂ ਵਿਚ ਸੰਕੇਤ ਕੀਤਾ ।

ਉਹ ਗੁਰੂਦੇਵ ਤੇ ਮੈਂ ਚੇਲਾ । ਮੈਂ ਦਾੜ੍ਹੀ ਦੇ ਸਦਕਾ, ਕਰਾਮਾਤ ਕਰ ਵਿਖਾਈ ਤੇ ਹੁਣ ਤਸਵੀਰ ਸਾਡੇ ਅਧਿਕਾਰ ਵਿਚ ਆ ਚੁੱਕੀ ਸੀ ।

ਮੇਰਾ ਇਹ ਮਿੱਤਰ ਹੈ, ਐਮ. ਐਸ. ਰੰਧਾਵਾ । ਯਾਰਾਂ ਦਾ ਯਾਰ । ਮੈਂ ਉਸ ਨੂੰ ਸ਼ਹਿਰਯਾਰ ਕਹਿੰਦਾ ਹਾਂ । ਮੇਰੇ ਵਾਕੁਣ ਪਿੰਡ ਦਾ ਜੰਮ-ਪਲ ਰੰਧਾਵਾ ਅੱਜ ਸ਼ਹਿਰੀਆਂ ਦਾ ਸ਼ਹਿਰੀ ਹੋਣ ਦਾ ਅਧਿਕਾਰ ਰਖਦਾ ਹੈ ।

ਮੇਰੀ ਦੁਆ ਹੈ ਕਿ ਸ਼ਹਿਰਯਾਰ ਨੂੰ ਮੇਰੇ ਵਰਗੇ ਹਜ਼ਾਰਾਂ ਅਜਨਬੀਆਂ ਨੂੰ ਯਾਰ ਬਣਾਉਣ ਦੇ ਅਣਗਿਣਤ ਅਵਸਰ ਪ੍ਰਾਪਤ ਹੋਣ ।


INCOME TAX
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ । ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ । ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254

# ਸਾ ਹਿ ਤ  ਦ ਰ ਪ ਣ

## ਆਦਿ-ਵਾਸੀ

ਮੂਲ ਲੇਖਕ : ਚੀਫ਼ ਡੈਨ ਜਾਰਜ
ਪੰਜਾਬੀ ਰੂਪ : ਦਰਸ਼ਨ ਗਿੱਲ

1.
ਮੈਂ
ਉਤਰੀ ਅਮਰੀਕਾ ਦਾ
ਆਦਿ-ਵਾਸੀ ਹਾਂ !

ਜੀਵਨ-ਪੰਧ 'ਤੇ ਤੁਰਦਿਆਂ,
ਮੈਂ
ਦੋ ਵੱਖ ਵੱਖ
ਸਭਿਆਚਾਰ,
ਜਿਉਂਦੇ ਹਨ !

ਮੈਂ ਅਜਿਹੇ
ਸਭਿਆਚਾਰ 'ਚ
ਜੰਮਿਆ,
ਜੋ,
ਏਕਤਾ ਦਾ ਲਖਾਇਕ ਸੀ !

ਮੇਰੇ ਦਾਦੇ ਦਾ ਘਰ
ਔਸੀ ਫੁੱਟ ਲੰਮਾ—
ਜਿਸ ਨੂੰ ਅਸੀਂ,
'ਸਮੋਕ ਹਾਊਸ'
ਕਹਿੰਦੇ ਸਾਂ !
ਇਹ ਝੀਲ ਕਿਨਾਰੇ,
ਅਡੋਲ ਖੜੋਤਾ ਸੀ !

ਇਸ ਵਡੇਰੇ ਘਰ 'ਚ
ਮੇਰੇ
ਦਾਦੇ ਦੇ ਸਾਰੇ ਪੁੱਤ ਤੇ ਪਰਵਾਰ
ਮਿਲਜੁਲ ਰਹਿੰਦੇ !
ਉਨ੍ਹਾਂ ਦੇ ਸੌਣ-ਕਮਰੇ
ਬਾਂਸ ਦੇ ਪੱਤਾਂ ਦੇ ਬਣੇ,
ਕੇਵਲ ਕੰਬਲਾਂ ਸੰਗ,
ਵੱਖ ਵੱਖ ਹੋਂਦੇ !
ਘਰ 'ਚ ਬਲਦੀ ਅੱਗ,
ਸਭ ਦੇ ਖਾਣੇ ਲਈ ਸਾਧਨ ਸੀ !

ਅਜਿਹੇ ਘਰਾਂ 'ਚ,
ਸਾਰੀ ਜਾਤੀ 'ਚ
ਰਲ ਕੇ ਰਹਿਣ ਦੀ ਭਾਵਨਾ,
ਸੇਵਾ ਦੀ ਭਾਵਨਾ,
ਇਕ ਦੂਜੇ ਦੇ ਹੱਕਾਂ ਦੀ ਭਾਵਨਾ,
ਪ੍ਰਬਲ ਸੀ !

ਬੱਚੇ ਵੱਡਿਆਂ ਦੇ ਵਿਚਾਰਾਂ ਦੇ,
ਸਾਂਝੀਵਾਲ ਸਨ !
ਚਾਚੇ, ਤਾਏ, ਚਾਚੀਆਂ, ਤਾਈਆਂ,
ਚਚੇਰੇ ਭਰਾ,
ਸਭ ਬਸ ਪਿਆਰ ਦੀ,
ਮੂਰਤ ਸਨ !

ਧਮਕੀਆਂ ਲਈ,
ਥਾਂ ਹੀ ਨਹੀਂ ਸੀ !

ਮੇਰਾ ਬਾਪ ਅਜਿਹੇ,
ਮਾਹੌਲ 'ਚ ਪਨਪਿਆ—
ਜਿਥੇ ਬਸ ਪਿਆਰ ਸੀ,
ਮੁਹੱਬਤ ਸੀ, ਤੇ ਕਸ਼ਿਸ਼ ਸੀ !

ਮੇਰਾ ਬਾਪ,
ਧਰਤ ਨੂੰ ਮੁਹੱਬਤ ਕਰਦਾ ਸੀ
ਤੇ ਸਾਰੀ ਸ੍ਰਿਸ਼ਟੀ ਨੂੰ,
ਮੋਹ-ਭਰੀਆਂ ਨਜ਼ਰਾਂ ਸੰਗ ਤੱਕਦਾ ਸੀ !
ਧਰਤੀ,
ਉਸ ਦੀ ਦੂਸਰੀ ਮਾਂ ਸੀ !

ਮੈਨੂੰ ਯਾਦ ਹੈ,
ਬਚਪਨ 'ਚ—
ਮੈਂ,
ਉਸ ਨਾਲ ਦਰਿਆਵਾਂ 'ਤੇ
ਮੱਛੀਆਂ ਫੜ੍ਹਦਾ !
ਉਸ ਦਾ ਚਿਹਰਾ —
ਮੈਨੂੰ ਚੜ੍ਹਦੇ ਸੂਰਜ ਦੀ ਤਰ੍ਹਾਂ,
ਅਜੇ ਵੀ,
ਪਹਾੜਾਂ ਦੀ ਉਚਾਈ 'ਤੇ ਦਿਸਦਾ ਹੈ !

ਬਾਹਾਂ ਉਲਾਰੀ,
ਪਾਣੀ ਕਿਨਾਰੇ ਖੜੋਤਾ
ਹੌਲੇ ਹੌਲੇ ਬੋਲਦਾ !
ਮੇਰੇ ਜੀਵਨ 'ਚ
ਉਸਦਾ ਬੇਹੱਦ ਪ੍ਰਭਾਵ ਹੈ !

ਜਦ ਮੈਂ ਖੁਰਾਕ ਲਈ,
ਮੱਛੀ ਲਈ ਕੁੰਡੀ ਸੁੱਟਦਾ,
ਉਹ,
ਬੇਹੱਦ ਉਦਾਸ ਹੁੰਦਾ !

ਉਸ ਦਾ ਕਹਿਣਾ ਸੀ,
'ਮੇਰੇ ਬੱਚੇ',
ਮੱਛੀਆਂ, ਖੁਰਾਕ ਹਨ !
ਉਨ੍ਹਾਂ ਦੀ ਇਜ਼ਤ
ਤੇਰਾ ਫ਼ਰਜ਼ ਹੈ —
ਕਦੀ,
ਮੱਛੀ,
ਖੁਰਾਕ ਲਈ ਨਾ ਮਾਰੀਂ !'

ਅਜਿਹੀ ਸਭਿਅਤਾ 'ਚ ਮੈਂ ਜੰਮਿਆ !
ਕੁਝ ਚਿਰ ਲਈ,
ਅਜਿਹੀ ਸਭਿਅਤਾ, ਮੈਂ ਜਾਣੀ।
ਮੈਂ ਮਾਣੀ !

ਇਸੇ ਕਾਰਨ, ਹੁਣ ਜੋ ਤੱਕਦਾ ਹਾਂ,
ਇਸ ਦਾ ਸਹਿਣਾ ਕਠਿਨ ਹੈ !

2.
ਹੁਣ, ਘਰ ਵਡੇਰੇ ਹਨ,
ਪਰ, ਇਕ ਘਰ ਦੇ ਲੋਕ,
ਦੂਜੇ ਨੂੰ ਨਹੀਂ ਜਾਣਦੇ !
ਇਕ ਦੂਜੇ ਦੇ
ਚਿਹਰੇ ਨਹੀਂ ਪਹਿਚਾਣਦੇ !

ਇਸ ਨਫ਼ਰਤ ਦੀ,
ਮੈਨੂੰ ਸਮਝ ਨਹੀਂ ਪੈਂਦੀ !

ਇਹ ਕੇਹੀ ਸਭਿਅਤਾ ਹੈ !

ਜੋ ਲੱਖਾਂ ਲੋਕਾਂ ਨੂੰ,
ਜੰਗ ਵੱਲ ਪਰੇਰ ਰਹੀ ਹੈ !

ਇਹ ਬੰਬ, ਮੌਤ ਹਨ !

ਇਹ ਕੇਹੀ ਸਭਿਅਤਾ ਹੈ !

ਜੋ ਸਾਰਾ ਧਨ,
ਜੰਗ ਤੇ ਹਥਿਆਰਾਂ ਲਈ ਵਰਤ ਰਹੀ ਹੈ !
ਜਿਸ ਕੋਲ,
ਵਿਦਿਆ ਤੇ ਭਲਾਈ ਲਈ,
'ਪੈਨੀ' ਨਹੀਂ !

ਮੈਨੂੰ ਇਸ ਦੀ ਸਮਝ ਨਹੀਂ ਪੈਂਦੀ !
ਜੋ ਭਰਾਵਾਂ ਨੂੰ,
ਨਫ਼ਰਤ ਤੇ ਜੰਗ ਸਿਖਾਉਂਦੀ ਹੈ —
ਕੁਦਰਤ ਨੂੰ,
ਅਸੁਖਾਵੇਂ ਸ਼ਬਦ ਕਹਿੰਦੀ ਹੈ !

ਮੇਰੇ ਚਿੱਟ-ਰੰਗੇ ਭਰਾ,
ਸ਼ਹਿਰਾਂ 'ਚੋਂ ਕੁਦਰਤ ਨੂੰ,
ਧੱਕੇ ਦੇ ਰਹੇ ਹਨ !

ਪਹਾੜ ਨੰਗੇ ਕੀਤੇ ਜਾ ਰਹੇ ਹਨ,
ਉਨ੍ਹਾਂ ਦੇ ਜਿਸਮ 'ਤੇ ਜ਼ਖਮ ਹੋ ਰਹੇ ਹਨ !

ਮਾਂ-ਧਰਤੀ ਦੀ ਛਾਤੀ 'ਚ
ਛੁਰੇ ਖੁੱਭ ਰਹੇ ਹਨ —
ਜਿਵੇਂ ਇਹ ਵਿਚਾਰੀ
ਦੁਸ਼ਟ ਹੋਵੇ !
ਜਿਵੇਂ ਇਹ ਆਪਣਾ ਧਨ,
ਮਨੁੱਖ ਨਾਲ
ਸਾਂਝਾ ਕਰਨ ਤੋਂ ਆਕੀ ਹੋਵੇ !

ਪਾਣੀਆਂ 'ਚ ਜ਼ਹਿਰ,
ਜੀਵਾਂ ਦੀ ਮੌਤ,
ਆਸਮਾਨ 'ਚ ਦੁਰਗੰਧ !

ਮੇਰਾ ਚਿੱਟ-ਰੰਗਾ ਭਰਾ,
ਮੇਰੇ ਲੋਕਾਂ ਨਾਲੋਂ,
ਚਲਾਕ ਜ਼ਰੂਰ ਹੈ —
ਪਰ ਮੈਨੂੰ ਸ਼ਿਕਵਾ ਹੈ,
ਇਸ ਨੂੰ ਮੁਹੱਬਤ ਦਾ ਗੀਤ ਨਹੀਂ ਆਇਆ !

ਸ਼ਾਇਦ ਮੁਹੱਬਤ ਸ਼ਬਦ
ਇਸ ਦੇ ਸ਼ਬਦ-ਕੋਸ਼ ਵਿਚ ਨਹੀਂ !

ਸ਼ਾਇਦ,
ਇਸ ਨੂੰ ਕੇਵਲ,
ਵਸਤਾਂ ਨਾਲ ਹੀ ਮੋਹ ਹੈ !
ਦੂਜਿਆਂ ਲਈ ਵਸਤਾਂ
ਇਸ ਲਈ ਪਰਾਈਆਂ ਹਨ !

3.
ਕੁਦਰਤ ਦੀ ਹਰ ਵਸਤ ਨੂੰ ਅਪਨਾਉਣਾ,
ਅਸਲ ਮੁਹੱਬਤ ਹੈ !

ਇਸ਼ਕ,
ਮਨੁੱਖ ਦਾ ਇਸ਼ਟ ਹੈ !
ਨਹੀਂ ਮਨੁੱਖ, ਬੱਸ,
ਵਹਿਸ਼ੀ ਬਣ ਰਹਿ ਜਾਂਦਾ ਹੈ !

ਇਹ ਮੁਹੱਬਤ ਦੀ ਭਾਵਨਾ ਹੈ
ਜੋ ਮਨੁੱਖ ਨੂੰ,
ਪ੍ਰਮੁੱਖ ਰੱਖਦੀ ਹੈ !
ਸਭ ਜੀਵਾਂ 'ਚੋਂ ਇਸ ਕੋਲੇ,
ਮੁਹੱਬਤ ਦੀ ਪਰਵਾਜ਼ ਹੈ !

ਮੁਹੱਬਤ,
ਸਭ ਕੁਝ ਹੈ !

ਇਹ ਸਾਡੀ ਰੂਹ,
ਰੂਹ ਦੀ ਖੁਰਾਕ,
ਇਸ ਬਿਨਾਂ,
ਅਸੀਂ ਸੱਖਣੇ ਤੇ ਕਮਜ਼ੋਰ !

ਇਸ ਬਿਨਾਂ ਅਸੀਂ,
ਆਪਣੀਆਂ ਹੀ ਨਜ਼ਰਾਂ 'ਚ ਗਿਰਦੇ ਹਾਂ !
ਇਸ ਬਿਨਾਂ ਅਸੀਂ,
ਕੇਵਲ ਜੋਸ਼ 'ਚ ਘਿਰਦੇ ਹਾਂ !
ਇਸ ਬਿਨਾਂ ਅਸੀਂ,
ਜ਼ਿੰਦਗੀ ਦੀ ਅੱਖ ਵਿਚ,
ਅੱਖ ਪਾ ਕੇ,
ਤੱਕ ਨਹੀਂ ਸਕਦੇ !
ਸਗੋਂ ਅਸੀਂ,
ਅੰਤਰ-ਮੁਖੀ ਹੋ,
ਗਿਰਝਾਂ ਵਾਂਗ
ਆਪਣਾ ਆਪਾ ਨੋਚਦੇ ਹਾਂ !
ਅੰਤ, ਖੁਦ ਨੂੰ,
ਖੁਦਹੀਣ 'ਚ ਠੋਸਦੇ ਹਾਂ !

ਮੈਨੂੰ ਤੇ ਤੁਹਾਨੂੰ,
ਸਭ ਨੂੰ,
ਤਾਕਤ ਤੇ ਖੁਸ਼ੀ ਲੋੜੀਂਦੀ ਹੈ !

ਇਹ ਤਦ ਹੀ ਮਿਲਦੀਆਂ ਹਨ,
ਜੇ ਇਕ ਦੂਜੇ ਦੀ ਮੁਹੱਬਤ ਹੈ !

ਏਸੇ ਕਾਰਨ ਅਸੀਂ,
ਸਿਰਜਨਹਾਰ ਬਣਦੇ ਹਾਂ !
ਏਸੇ ਕਾਰਨ ਅਸੀਂ,
ਅਣਥੱਕ ਵਾਟਾਂ ਤੁਰਦੇ ਹਾਂ !
ਏਸੇ ਕਾਰਨ ਅਸੀਂ,
ਇਕ ਦੂਜੇ ਵਿਚ ਮਿਲਦੇ ਹਾਂ !

ਅਜੇਹਾ ਸਮਾਂ ਵੀ ਆਉਂਦਾ ਹੈ,
ਜਦ ਸਾਨੂੰ ਤਸੱਲੀ ਦੀ ਲੋੜ ਹੁੰਦੀ ਹੈ !
ਕਲਾਵੇ ਲਈ ਮਜ਼ਬੂਤ,
ਵੀਣੀਆਂ ਦੀ ਚਾਹ ਹੁੰਦੀ ਹੈ !

ਮੈਂ ਤੁਹਾਨੂੰ ਦੱਸ ਨਹੀਂ ਸਕਦਾ,
ਮੈਂ ਜਦ ਦੂਰ ਦੁਰਾਡੇ ਤੋਂ ਮੁੜਦਾ ਹਾਂ,
ਮੈਨੂੰ ਮੇਰੀ ਬੀਵੀ ਦੀ ਅਣਹੋਂਦ,
ਕਿੰਝ ਖਟਕਦੀ ਹੈ !
ਉਸਦੀ ਮੁਹੱਬਤ,
ਮੇਰੀ ਖੁਸ਼ੀ ਸੀ
ਮੇਰੀ ਤਾਕਤ ਸੀ,
ਮੇਰੇ ਲਈ ਵਰਦਾਨ ਸੀ !

4.
ਮੈਨੂੰ ਡਰ ਹੈ,
ਮੇਰੇ ਸਭਿਆਚਾਰ ਕੋਲ,
ਸ਼ਾਇਦ ਤੁਹਾਨੂੰ,
ਦੇਣ ਲਈ ਹੋਰ ਕੁਝ ਨਾ ਹੋਵੇ !

ਪਰ ਮੇਰਾ ਸਭਿਆਚਾਰ,
ਤੁਹਾਨੂੰ ਦੋਸਤੀ ਦਾ ਹੱਥ,
ਸਾਥ ਦਾ ਵਾਅਦਾ,
ਜ਼ਰੂਰ ਦੇ ਸਕਦਾ ਹੈ !

ਇਕੱਲ ਨਾਲ ਚਿਮਟੇ ਰਹਿਣਾ,
ਕੰਧਾਂ ਬਣਾਉਂਦਾ ਹੈ,
ਤੇ ਕੰਧਾਂ, ਬੇ-ਇਤਬਾਰੀ !

ਮੇਰਾ ਸਭਿਆਚਾਰ,
ਵਡੇਰੇ ਘਰਾਂ ਦੀ ਏਕਤਾ ਦਾ ਸੂਚਕ ਹੈ !
ਜਿਥੇ ਬਚਪਨ 'ਚ
ਮਿਲਵਰਤਣ ਦੀ ਗੁੜ੍ਹਤੀ ਮਿਲਦੀ ਹੈ !

ਮੇਰਾ ਸਭਿਆਚਾਰ,
ਧਨ-ਪੂਜਕ ਨਹੀਂ !
ਧਨ ਮੇਰੇ ਲੋਕਾਂ ਲਈ,
ਸ਼ਰਮ-ਨਾਕ ਵਸਤੂ ਹੈ !

ਆਦਿ-ਵਾਸੀ,
ਚੀਜ਼ਾਂ ਨੂੰ,
ਕੁਦਰਤ ਦਾ,
ਵਰਦਾਨ ਗਿਣਦਾ ਹੈ !

ਉਹ ਕੇਵਲ,
ਉਹ ਹੀ ਪਰਵਾਨ ਕਰਦਾ ਹੈ,
ਜਿਸ ਦੀ ਉਸ ਨੂੰ ਲੋੜ ਹੈ !

ਹਰ ਆਦਿ-ਵਾਸੀ,
ਇਕ ਹੱਥ ਦੇਂਦਾ,
ਦੂਜੇ ਹੱਥ ਲੈਂਦਾ ਹੈ !

ਕੋਈ ਨਹੀਂ ਚਾਹੁੰਦਾ,
ਕਿ ਸਭ ਕੁਝ,
ਉਸੇ ਨੂੰ ਮਿਲਦਾ ਰਵ੍ਹੇ !

5.
ਅਸੀਂ ਤੁਹਾਡੇ ਸਭਿਆਚਾਰ 'ਚੋਂ
ਬਹੁਤ ਕੁਝ ਲਿਆ ਹੈ —
ਕਾਸ਼ !
ਤੁਸੀਂ ਸਾਡੀ ਵਿਰਾਸਤ 'ਚੋਂ
ਕੁਝ ਸਿੱਖਿਆ ਹੁੰਦਾ !
ਸਾਡਾ ਵਿਰਸਾ,
ਜੋ ਨੇਕੀ ਤੇ ਖੂਬਸੂਰਤੀ ਸੰਗ
ਸਰਸ਼ਾਰ ਹੈ !

ਸਾਡੇ ਸਭਿਆਚਾਰ ਨੂੰ
ਜੇ ਜਾਣਨ ਦੀ ਖਾਹਿਸ਼ ਹੈ,
ਤਾਂ ਜਾਣ ਲਓ — !

ਨਹੀਂ ਤਾਂ,
ਤੁਹਾਡੀਆਂ ਕਦਰਾਂ, ਕੀਮਤਾਂ ਨੇ,
ਸਾਡੇ ਸਭਿਆਚਾਰ ਨੂੰ,
ਨਿਗਲ ਜਾਣਾ ਹੈ !

ਅੱਗੇ ਹੀ,
ਸਾਡੇ ਯੁਵਕ,
ਪੁਰਾਣੇ ਰਾਹਾਂ 'ਤੇ ਤੁਰਨ ਤੋਂ
ਆਕੀ ਹੋ ਰਹੇ ਹਨ !
ਕਈਆਂ ਨੂੰ ਤਾਂ,
'ਆਦਿ-ਵਾਸੀ' ਨਾਂ ਤੋਂ ਹੀ,
ਚਿੜ ਆਉਂਦੀ ਹੈ !

ਇਹ ਮਖੌਲ ਤੇ ਨਫ਼ਰਤ ਦੇ ਬੀਜ,
ਸਾਡੇ ਸਭਿਆਚਾਰ 'ਚ ਨਾ ਬੀਜੋ !

ਮੇਰਾ ਸਭਿਆਚਾਰ —
ਜ਼ਖਮੀ ਹਿਰਨ ਵਾਂਗ ਹੈ —
ਜੋ ਜੰਗਲ 'ਚ ਵੜਿਆ,
ਲਹੂ-ਲੁਹਾਨ,
ਇਕੱਲਤਾ ਦੀ ਮੌਤ ਹੰਢਾ ਰਿਹਾ ਹੈ !

ਜੇ ਸਾਡੀ ਮਦਦ ਕਰਨੀ ਲੋੜਦੇ ਹੋ,
ਤਾਂ ਸਾਨੂੰ ਲੋੜ ਹੈ —
ਸੁੱਚੀ ਤੇ ਪਾਕ ਮੁਹੱਬਤ ਦੀ !

ਸੱਚੀ ਮੁਹੱਬਤ,
ਜੋ ਬਖਸ਼ਣਹਾਰ ਹੁੰਦੀ ਹੈ,
ਜੋ ਕੀਤੇ ਜ਼ੁਲਮ ਨੂੰ,
ਮੁਆਫ਼ ਕਰਦੀ ਹੈ !

ਸਾਡੀ ਮੁਹੱਬਤ ਬਖਸ਼ਣਹਾਰ ਹੈ !
ਉਨ੍ਹਾਂ ਭਿਆਨਕ ਦੁੱਖਾਂ ਤੇ ਜ਼ੁਲਮਾਂ ਦੀ,
ਜੋ ਇਕ ਲਹਿਰ ਬਣ,
ਸਾਡੇ ਕਿਨਾਰੇ ਖੋਰ ਗਏ ਹਨ !
ਅਸੀਂ ਆਪਣੀ ਝੀਲ ਦੇ,
ਕਿਨਾਰੇ ਲੋੜਦੇ ਹਾਂ !

ਭਰਾਤਰੀ ਭਾਵ,
ਇਹ ਹੁੰਦਾ ਹੈ ?

ਕੀ,
ਇਸ ਤੋਂ ਬਿਨਾਂ,
ਕਿਸੇ ਚੀਜ਼ ਦੀ
ਕੋਈ ਕੀਮਤ ਨਹੀਂ ?
ਆਖਰ,
ਮੈਂ ਜੋ ਕਹਿਣਾ ਸੀ,
ਕਹਿ ਦਿਤਾ ਹੈ !

## ਪੰਜਾਬੀ ਲੇਖਕ ਮੰਚ ਵੈਨਕੂਵਰ

ਪੰਜਾਬੀ ਲੇਖਕ ਮੰਚ ਨੇ ਆਪਣਾ ਪਹਿਲਾ ਕਵੀ ਦਰਬਾਰ 23 ਫਰਵਰੀ, 1986 ਨੂੰ ਵੈਨਕੂਵਰ ਵਿਚ ਸਥਿਤ ਮੋਬਰਲੀ ਪਾਰਕ ਹਾਲ ਵਿਚ ਕੀਤਾ। ਕਵੀ ਦਰਬਾਰ ਜਲਦੀ ਵਿਚ ਕਰਾਇਆ ਜਾਣ ਦੇ ਬਾਵਜੂਦ ਵੀ ਬੜਾ ਸਫਲ ਰਿਹਾ ਸੀ।

ਇਸ ਵਿਚ ਕੈਨੇਡਾ ਦੇ ਪੰਜਾਬੀ ਕਵੀ ਗੁਰਚਰਨ ਰਾਮਪੁਰੀ ਜੀ ਦੀ ਛੇਵੀਂ ਕਵਿਤਾਵਾਂ ਦੀ ਕਿਤਾਬ 'ਕਤਲਗਾਹ' ਰੀਲੀਜ਼ ਕੀਤੀ ਗਈ ਸੀ। ਉਨ੍ਹਾਂ ਦੀ ਇਸ ਕਿਤਾਬ ਉਪਰ ਅਤੇ ਸਮੁੱਚੇ ਕਾਵਿ 'ਤੇ ਵੱਖ ਵੱਖ ਚਾਰ ਪਰਚੇ ਪੜ੍ਹੇ ਗਏ ਸਨ। ਜਿਨ੍ਹਾਂ ਨੂੰ ਤਿਆਰ ਕੀਤਾ ਅਜਮੇਰ ਰੋਡੇ, ਦਰਸ਼ਨ ਗਿੱਲ, ਸੂਫ਼ੀ ਅਮਰਜੀਤ ਅਤੇ ਚਰਨ ਸਿੰਘ ਵਿਰਦੀ ਨੇ ਅਤੇ ਪੜ੍ਹਿਆ ਵੀ ਉਨ੍ਹਾਂ ਨੇ ਹੀ।

ਪਰੋਗਰਾਮ ਦਾ ਆਰੰਭ ਸ਼ਾਸ਼ਤਰੀ ਸੰਗੀਤ ਮਾਹਿਰ ਤੇ ਸੰਗੀਤ ਦੇ ਅਧਿਆਪਕ ਸ੍ਰੀ ਬਲਬੀਰ ਸਿੰਘ ਭੰਗੂ ਹੋਰਾਂ ਵੱਲੋਂ ਗੁਰਚਰਨ ਰਾਮਪੁਰੀ ਦੇ ਇਕ ਗੀਤ 'ਇਸ਼ਕ ਠੋਕਰ ਤੇ ਮੁਸਕਰਾਉਂਦਾ ਹੈ' ਦੇ ਨਾਲ ਕੀਤਾ ਗਿਆ।

ਇਸ ਮੌਕੇ ਤੇ ਮਹਿੰਦਰ ਸੁਮਲ, ਸਾਧੂ, ਚਰਨ ਸਿੰਘ, ਦਰਸ਼ਨ ਗਿੱਲ, ਸੁਰਜੀਤ ਕਲਸੀ, ਦਰਸ਼ਨ ਬੈਂਸ, ਅਮਰਜੀਤ ਚਾਹਲ, ਅਜਮੇਰ ਰੋਡੇ ਅਤੇ ਅਮਰ ਸਿੰਘ ਬੈਨੀਪਾਲ - ਇਨ੍ਹਾਂ ਨੇ ਕਵਿਤਾਵਾਂ ਪੜ੍ਹੀਆਂ।

ਗੁਰਚਰਨ ਰਾਮਪੁਰੀ ਜੀ ਨੇ ਆਪਣੀਆਂ ਕੁਝ ਕਵਿਤਾਵਾਂ 'ਕਤਲਗਾਹ' 'ਚੋਂ ਪੜ੍ਹ ਕੇ ਸੁਣਾਈਆਂ।

ਸਿੰਦਰ ਰੋਡੇ ਨੇ ਇਕ ਗੀਤ ਗਾ ਕੇ ਸੁਣਾਇਆ ਅਤੇ ਗੁਰਚਰਨ ਟੱਲੇਵਾਲੀਏ ਨੇ ਇਕ ਲੋਕ ਬੋਲੀ ਨਾਲ ਰੰਗ ਭਰਿਆ।

ਕਵੀ ਦਰਬਾਰ ਵਿਚ ਕਿਤਾਬਾਂ ਅਤੇ ਰਸਾਲਿਆਂ ਤੇ ਅਖਬਾਰਾਂ ਦੀ ਪ੍ਰਦਰਸ਼ਨੀ ਦੇ ਨਾਲ ਨਾਲ ਪੰਜਾਬੀ ਦੇ ਕਵੀਆਂ ਦੀਆਂ ਤਸਵੀਰਾਂ ਵੀ ਲਾਈਆਂ ਗਈਆਂ। ਤਸਵੀਰਾਂ ਲਾਉਣ ਦਾ ਉਦਮ ਸੂਫੀ ਅਮਰਜੀਤ ਨੇ ਕੀਤਾ। ਕਿਤਾਬਾਂ ਲਈ ਦਰਸ਼ਨ ਗਿੱਲ ਨੇ ਸਟਾਲ ਲਾਇਆ। ਜਿਸ ਦੀ ਦਰਸ਼ਕਾਂ ਬੜੀ ਸ਼ਲਾਘਾ ਕੀਤੀ ਅਤੇ ਇਸ ਦੀ ਲੋੜ ਸਮਝੀ। ਮਹਿੰਦਰ ਸੁਮਲ ਨੇ ਹਾਲ ਦਾ ਪ੍ਰਬੰਧ ਅਤੇ ਚਾਹ-ਪਾਣੀ ਦਾ ਇੰਤਜ਼ਾਮ ਕੀਤਾ ਸੀ।

ਦਰਸ਼ਕਾਂ - ਸਰੋਤਿਆਂ ਅਤੇ ਸਟੇਜ ਤੋਂ ਬੋਲਣ ਵਾਲੇ ਕਵੀਆਂ ਦਾ ਨਾਤਾ ਬਣਿਆ ਰਿਹਾ। ਸਮਾਂ ਜ਼ਿਆਦਾ ਹੋਣ ਦੇ ਬਾਵਜੂਦ ਵੀ ਦਰਸ਼ਕਾਂ ਵਿਚ ਕੋਈ ਕਾਹਲ ਨਹੀਂ ਸੀ। ਪਰੋਗਰਾਮ ਸ਼ਾਮ ਦੇ 5:30 ਤੋਂ ਸ਼ੁਰੂ ਕਰਕੇ 8:30 ਤੇ ਖਤਮ ਕਰ ਦਿੱਤਾ ਗਿਆ ਸੀ। ਇਸ ਪਰੋਗਰਾਮ ਨੂੰ ਦੇਖ ਕੇ ਆਸ ਬੱਝਦੀ ਹੈ ਕਿ ਪੰਜਾਬੀ ਲੇਖਕ ਮੰਚ ਭਵਿਖ ਵਿਚ ਵੀ ਆਪਣੇ ਹੋਰ ਕਵੀ ਦਰਬਾਰ ਛੇਤੀ ਛੇਤੀ ਕਰਾਏਗਾ।

ਅਸੀਂ ਪੰਜਾਬੀ ਲੇਖਕ ਮੰਚ ਦੇ ਸਰੋਤਿਆਂ ਦੇ ਪਰੋਗਰਾਮ ਨੂੰ ਸ਼ਾਨਦਾਰ ਬਣਾਉਣ ਦੇ ਸਹਿਯੋਗੀ ਹਾਂ ਅਤੇ ਕੈਨੇਡਾ ਦਰਪਣ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਡਾ ਸੁਨੇਹਾ ਲੋਕਾਂ ਤੱਕ ਪਹੁੰਚਾਇਆ।

ਬਾਕੀ ਪੰਨਾ 12 ਤੇ

# ਸਿੱਖ ਧਰਮ ਵਿਚ ਪ੍ਰਚਾਰਕਾਂ, ਢਾਡੀਆਂ, ਗਿਆਨੀਆਂ ਆਦਿ ਨੂੰ ਮਾਇਆ ਲੈਣੀ ਯੋਗ ਹੈ?

**ਮੇਹਰ ਸਿੰਘ ਸੰਧੂ, ਵੈਨਕੂਵਰ**

ਵਾਹ ਵਾ! ਅਸੀਂ ਐਡੀ ਦਾਤ, ਰੱਬੀ ਕੀਰਤਨ ਨੂੰ ਪੈਸਿਆਂ ਤੋਂ ਸਾਂਵੀ ਵੇਚ ਰਹੇ ਹਾਂ। ਇਹ ਗਲ ਅਫਸੋਸ ਨਾਲ ਆਖਣੀ ਪੈਂਦੀ ਹੈ ਕਿ ਜਿਥੇ ਅਸੀਂ ਸਾਲਾਂ ਬੱਧੀ ਜੇਹਲਾਂ ਝਾਕ ਸਕਦੇ, ਇੰਜਣਾਂ ਹੇਠ ਆਪਣੀਆਂ ਜਾਨਾਂ ਦੇ ਸਕਦੇ, ਜੰਢਾਂ ਨਾਲ ਲਟਕ ਕੇ ਜੀਉਂਦੇ ਸੜ ਸਕਦੇ, ਗੋਲੀਆਂ ਦਾ ਸ਼ਿਕਾਰ ਆਦਿਕ ਹੋ ਸਕਦੇ ਹਾਂ ਤਾਂ ਕੀ ਬਿਨਾਂ ਪੈਸਿਆਂ ਦੇ ਕੀਰਤਨ ਕਿਉਂ ਨਹੀਂ ਕਰ ਸਕਦੇ ?

ਇਸ ਦਾ ਜਵਾਬ ਇਹ ਹੀ ਹੈ ਕਿ ਸਾਨੂੰ ਕੀਰਤਨ ਦੀ ਕੋਈ ਕਦਰ ਜਾਂ ਰਸ ਨਹੀਂ ਸਗੋਂ ਉਲਟਾ ਇਸ ਨੂੰ ਆਪਣਾ ਰੁਜ਼ਗਾਰ ਜਾਂ ਪੇਸ਼ਾ ਬਣਾ ਬੈਠੇ ਹਾਂ ਇਹ ਵੀ ਵਜ੍ਹਾ ਹੈ ਕਿ ਸਾਡੇ ਕੀਰਤਨ ਅਤੇ ਪ੍ਰਚਾਰ ਦਾ ਦੂਜਿਆਂ ਤੇ ਕੋਈ ਅਸਰ ਨਹੀਂ ਹੁੰਦਾ।

ਸਜਣੋਂ ਚਾਹੀਦਾ ਤਾਂ ਏਹ ਸੀ ਕਿ ਅਸੀਂ ਆਪਣੀ ਰੋਟੀ ਦੇ ਗੁਜ਼ਾਰੇ ਲਈ ਕੋਈ ਹੋਰ ਵਿਹਾਰ ਕਰ ਲੈਂਦੇ ਅਤੇ ਗੁਰਬਾਣੀ ਦਾ ਕੀਰਤਨ ਆਪਣੇ ਪ੍ਰੀਤਮ ਦੇ ਰੀਝਾਉਣ ਲਈ ਅਥਵਾ ਆਪਣੇ ਭਲੇ ਵਾਸਤੇ ਜਾਂ ਇਸ ਬਚਨ ਦੀ ਪਾਲਣਾ ਕਰਨ ਹਿਤ ਕਰ ਦੇ ਜੈਸੇ —

ਜਨ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ
ਜੋ ਆਪਿ ਜਪੈ ਅਵਰ ਨਾਮ ਜਪਾਵੈ

ਕਿਉਂ ਜੀ! ਜਦੋਂ ਉਪਰ ਲਿਖੇ ਬਚਨਾਂ ਮੁਜਬ ਹਰ ਇਕ ਸਿੱਖ ਦੀ ਇਹ ਖਾਸ ਡਿਊਟੀ ਹੈ ਕਿ ਗੁਰਬਾਣੀ ਨਾਮ ਪੜਨਾ ਸੁਨਣਾ ਅਤੇ ਦੂਜਿਆਂ ਨੂੰ ਸੁਨਾਉਣਾ ਤਾਂ ਫਿਰ ਕੀ ਅਸੀਂ ਰਾਗੀ ਜਾਂ ਢਾਡੀ ਅਖਵਾਉਣ ਵਾਲੇ ਗੁਰੂ ਦੇ ਸਿਖ ਨਹੀਂ ? ਅਤੇ ਕੀ ਬਿਨਾਂ ਫੀਸ ਭਾੜੇ ਦੇ ਗੁਰਬਾਣੀ ਸੁਨਾਉਣਾ ਸਾਡਾ ਫਰਜ਼ ਨਹੀਂ ?

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਕਰ ਅਸੀਂ ਅਖੰਡਪਾਠੀ, ਕੀਰਤਨੀਏ ਜਾਂ ਗਿਆਨੀ ਅਖਵਾਉਣ ਵਾਲੇ ਜਿਨ੍ਹਾਂ ਨੇ ਦੁਨੀਆਂ ਨੂੰ ਰਾਹੇ ਪਾਉਣਾ ਸੀ ਉਹ ਆਪ ਮਾਇਆ ਨਾਗਣੀ ਤੋਂ ਨਹੀਂ ਬਚ ਸਕੇ ਤਾਂ ਬਾਕੀ ਦੁਨੀਆਂ ਦਾ ਕੀ ਹਾਲ ਹੈ

ਬਾਣੀ ਤਾਂ ਦਸਦੀ ਹੈ —

ਜੋ ਡੁਬੰਦੋ ਆਪਿ ਸੋ ਤਰਾਏ ਕਿਨਖੋ
ਤਾਰੇ ਦੜੋ ਭੀ ਤਾਰਿ ਨਾਨਕ ਪਿਰਸਿਉ ਰਤਿਆ

ਭਲਾ ਜੀ! ਜਿਨ੍ਹਾਂ ਭਰਾਵਾਂ ਦੀ ਰੋਟੀ ਦਾ ਗੁਜ਼ਾਰਾ ਉਕਾ ਹੀ ਕੋਈ ਨਹੀਂ ਉਹ ਸੱਜਣ ਕੀਰਤਨ ਦੇ ਪਿਛੋਂ ਕੁਝ ਮਾਇਆ ਭਾਵੇਂ ਲੈ ਲਿਆ ਕਰਨ, ਪ੍ਰੰਤੂ ਜਿਨ੍ਹਾਂ ਦਾ ਗੁਜ਼ਾਰਾ ਚੰਗਾ ਹੈ ਜੇ ਉਹ ਭੀ ਭਰਾਈਆਂ ਦੀ ਤਰ੍ਹਾਂ ਹਥ ਅੱਡ ਅੱਡ ਕੇ ਡਾਲਰ ਲੈਣ ਤਾਂ ਫਿਰ ਇਹ ਉਨ੍ਹਾਂ ਦਾ "ਨਾਮ ਬਾਣੀ" ਨੂੰ ਵੇਚਣਾ ਨਹੀਂ ?

ਪਰ ਹਾਂ ਸੱਜਣ ਜੀ! ਇਹ ਨਿਰਾ ਢਾਡੀਆਂ, ਪ੍ਰਚਾਰਕਾਂ ਜਾਂ ਗਿਆਨੀਆਂ ਦਾ ਹੀ ਕਸੂਰ ਨਹੀਂ ਸਗੋਂ ਅਸਲ ਵਿਚ ਤਾਂ ਇਸ ਖੇਡ ਨੂੰ ਆਪ ਸੱਜਣਾਂ ਨੇ ਹੀ ਵਿਗਾੜਿਆ ਹੈ ਕਿਉਂਕਿ ਆਪ ਨੇ ਹੀ ਭਰੇ ਦੀਵਾਨਾਂ ਵਿਚ ਆਪਣੀਆਂ ਵਡਿਆਈਆਂ ਵਾਸਤੇ, ਜਾਂ ਦੇਖੋ ਦੇਖੀ ਵਿਚ ਆ ਕੇ ਅਰਦਾਸਾਂ ਕਰਾਈਆਂ ਨਾਲੇ ਕੀਰਤਨ ਵਿਚ ਬੇਰਸ ਪਾਉਣ ਦੀ ਅਵਗਿਆ ਕੀਤੀ। ਅਤੇ ਨਾਲੇ ਆਪਣੇ ਭਰਾਵਾਂ ਨੂੰ "ਮੰਗਣ" ਦੀ ਵਾਦੀ ਪਾਈ। ਕਿਸੇ ਸਿਆਣੇ ਨੇ ਸੱਚ ਆਖਿਆ ਹੈ ਕਿ ਕਮਲੇ ਨਾਲੋਂ ਕਮਲੇ ਦੀ ਮਾਂ ਨੂੰ ਸਮਝਾਓ ਤਾਂ ਕਿ ਉਹ ਹੋਰ ਕਮਲੇ ਨਾ ਜਣੀ ਜਾਵੇ।

ਸੋ ਪਰਚਾਰਕੋ ਤੇ ਢਾਡੀ ਭਰਾਵੋ। ਆਓ ਹੋਸ਼ ਕਰੋ ਗੁਰਪੁਰਬਾਂ ਅਤੇ ਜੋੜ ਮੇਲਿਆਂ ਨੂੰ "ਹਾੜੀ ਤੇ ਸੌਣੀ" ਪੱਕੀ ਨਾ ਆਖੋ ਸਗੋਂ ਵਿਚਾਰੋ। ਭਲਾ ਗੁਰੂ ਦੀ ਮੇਹਰ ਦਵਾਰਾ ਤੁਸੀਂ ਗੁਰਮੁਖੀ ਦੇ ਚਾਰ ਅੱਖਰ ਪੜ੍ਹ ਕੇ ਕੁਝ ਸੁਨਾਉਣਾ ਸਿਖ ਗਏ ਹੋ ਤਾਂ ਕੀ ਇਸ ਨੂੰ ਅਸਾਂ ਪੇਸ਼ਾ ਹੀ ਬਣਾ ਲੈਣਾ ਹੈ ?

ਦੂਜੀ ਗੱਲ ਜਦੋਂ ਬਾਕੀ ਦੀਆਂ ਸਿੱਖ ਸੰਗਤਾਂ ਚੰਦੇ ਦੇਂਦੀਆਂ, ਸੇਵਾ ਕਰਦੀਆਂ, ਨੀਂਦਰੇ ਝਾਗਦੀਆਂ, ਰਾਸ਼ਨ ਆਦਿ ਦੇਂਦੀਆਂ ਹਨ ਤਾਂ ਕੀ ਅਸੀਂ ਭੀ ਗੁਰੂ ਦੇ ਸਿਖ ਨਹੀਂ ?

ਗੁਰਪੁਰਬਾਂ ਵਿਚ ਕੋਈ ਹਿਸਾ ਪਾਉਣਾ ਸਾਡਾ ਭੀ ਹੱਕ ਨਹੀਂ ?

ਕੀ ਪਿਛਲੇ ਗੁਰਸਿੱਖ ਭਾਈ ਬਾਲਾ ਭਾਈ ਮਰਦਾਨਾ ਜੋ ਗੁਰੂ ਜੀ ਦੇ ਨਾਲ ਸਨ, ਭਾਈ ਗੁਰਦਾਸ ਸੀ, ਬਾਬਾ ਬੁਢਾ ਜੀ, ਗਿਆਨੀ ਸਾਹਿਬ ਭਾਈ ਮਨੀ ਸਿੰਘ ਜੀ, ਭਾਈ ਨੰਦ ਲਾਲ ਜੀ ਆਦਿਕ ਭੀ ਸਾਡੇ ਵਾਂਗੂੰ ਫੀਸ ਭਾੜੇ ਲੈ ਕੇ ਹੀ ਪਰਚਾਰ ਕਰਦੇ ਸਨ ?

ਏਥੇ ਹੀ ਬਸ ਨਹੀਂ ਧਾਰਮਿਕ ਪੁਸਤਕ ਲਿਖਣ ਤੇ ਛਾਪਣ ਵਾਲੇ ਭੀ "ਗੁਰਬਾਣੀ ਨਾਮ" ਨੂੰ ਵਿਓਪਾਰ ਸਮਝ ਕੇ ਕਾਫੀ ਤੋਂ ਵਧੀਕ ਨਫਾ ਖਟਦੇ ਹਨ। ਇਥੋਂ ਤੱਕ ਕਿ ਜਿਸ ਪੁਸਤਕ ਉਤੇ ਸਿਰਫ ਦਸ ਬਾਰਾਂ ਆਨੇ ਲਾਗਤ ਆਉਂਦੀ ਹੈ ਉਸ ਦਾ ਮੁਲ ਚਾਰ ਗੁਣਾਂ ਲਿਆ ਜਾਂਦਾ ਹੈ। ਹਾਲਾਂ ਕਿ ਆਪਣੀ ਕਲਮ ਨਾਲ ਹੀ ਉਸ ਪੁਸਤਕ ਅੰਦਰ ਲਿਖਿਆ ਹੁੰਦਾ ਹੈ।

ਕੂੜ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁੱਠਾ ਆਪਿ ਮੁਹਾਏ ਸਾਥੈ ॥
ਨਾਨਕ ਐਸਾ "ਆਗੂ ਜਾਪੈ"॥ (ਵਾਰ ਮਾਝ ਮ: 1)

ਪਰ ਵਾਹਵਾ!

ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
"ਸਰਮ ਧਰਮ" ਦਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥ (ਆਸਾ ਮ: 1)

ਧ੍ਰਿਗੁ ਤਿਨਾ ਕਾ ਜੀਵਿਆ, ਜੋ ਲਿਖਿ ਲਿਖਿ ਵੇਚਹਿ ਨਾਉ
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ
(20 ਵਾਰ ਸਾਰੰਗ ਮ: 1)

ਮਨਮੁਖ ਬਿਦਿਆ ਬਿਕ੍ਰਦਾ, ਬਿਖ ਖਟੇ ਬਿਖ ਖਾਏ ॥
ਮੂਰਖ ਸ਼ਬਦ ਨ ਚੀਨਈ, ਸੂਝ ਬੂਝ ਨਹ ਕਾਇ ॥
ਸਚੇ ਸਰਮੈ ਬਾਹਰੇ, ਅਗੈ ਲਹੀਹ ਨ ਦਾਦਿ ॥
ਅਕਲੀ ਏਹ ਨ ਆਖੀਐ, ਅਕਲਿ ਗਵਾਈਐ ਬਾਦਿ ॥
(20 ਵਾਰ ਸਾਰੰਗ ਮ: 1)

ਮਨ ਕੇ ਅੰਧੇ ਆਪਿ ਨ ਬੂਝਹੁ, ਕਾਹਿ ਬੁਝਾਵਹ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ, ਜਨਮ ਅਬਿਰਥਾ ਜਾਈ ॥
(ਮਾਰੂ ਕਬੀਰ ਜੀ)

ਕੀ ਇਸੇ ਦਾ ਨਾਮ ਹੀ 'ਧਰਮ ਪ੍ਰਚਾਰ' ਹੈ ?

ਬਾਣੀ ਗੁਰੂ ਗੁਰੂ ਹੈ ਬਾਣੀ (982)

ਜੇ ਬਾਣੀ ਗੁਰੂ ਹੈ ਤਾਂ ਬਾਣੀ ਦਾ ਵੇਚਣਾ ਗੁਰੂ ਨੂੰ ਵੇਚਣ ਦੇ ਤੁਲ ਕਿਹਾ ਜਾ ਸਕੇਗਾ।

ਜੋ ਗੁਰੂ ਦੇ ਨਾਮ ਨੂੰ ਵੇਚ ਵੇਚ ਕੇ ਖਾਂਦੇ ਹਨ ਉਹ ਅਪਰਾਧੀ ਹਨ। ਅਤੇ ਗੁਰੂ ਤੋਂ ਬੇਮੁਖ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਗੁਰੂ ਨਾਨਕ ਜੀ ਦੇ ਮਿਸ਼ਨ ਦਾ ਪਰਚਾਰ ਕਰਨਾ ਜਾਂ ਗੁਰਬਾਣੀ ਨੂੰ ਪੜ੍ਹਨਾ ਸੁਨਣਾ ਤੇ ਸੁਨਾਉਣਾ ਸਿਖ ਦਾ ਇਕ ਜ਼ਰੂਰੀ ਫਰਜ਼ ਹੈ ਤਾਂ ਫਿਰ ਬਾਣੀ ਸੁਨਾਉਣ ਦੇ ਪੈਸੇ ਮੰਗਣੇ ਸਿਖ ਲਈ ਸ਼ੋਭਦੇ ਹਨ ? ਜੈਸੇ

ਮਾਘਿ ਮਜਨ ਸੰਗ ਸਾਧੂਆਂ, ਧੂੜੀ ਕਰਿ ਇਸ਼ਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨ ॥
(ਮਾਝ ਮ: 5)

ਗੁਰੂ ਬਾਣੀ ਨਾਮ ਨੂੰ ਪੜੋ ਸੁਣੋ ਤੇ ਸੁਨਾਉਣ ਦਾ ਭੀ ਦਾਨ ਕਰੋ। ਗਰਜ਼ ਗੁਰੂ ਨਾਨਕ ਜੀ ਦਾ ਸੱਚਾ ਸਿਖ ਅਤੇ ਪਰਚਾਰਕ ਉਹੀ ਹੈ ਜਿਹੜਾ ਬਿਨਾਂ ਫੀਸ ਭਾੜੇ ਦੇ ਸਿੱਖ ਧਰਮ ਦਾ ਪਰਚਾਰ ਕਰੇ। ਬਸ ਫੇਰ ਕੀ

ਜਨ ਨਾਨਕ ਧੂੜਿ ਮੰਗੈ ਤਿਸ ਗੁਰ ਸਿਖ ਕੀ,
ਜੋ "ਆਪਿ ਜਪੈ' ਅਵਰ 'ਨਾਮੁ ਜਪਾਵੈ'॥ ਮ: 5

ਭਰਾਵੋ! ਜੇ ਤੁਸੀਂ ਸਿਖ ਕੌਮ ਨੂੰ 'ਚੜ੍ਹਦੀਆਂ ਕਲਾਂ' ਵਿਚ ਦੇਖਣਾ ਚਾਹੁੰਦੇ ਹੋ ਤਾਂ ਇਹ ਭੈੜਾ ਵਤੀਰਾ ਛੱਡ ਕੇ ਗੁਰਮਤ ਦਾ ਪਰਚਾਰ 'ਮੁਫਤ' ਕਰੋ ਅਤੇ ਆਪਣੇ ਗੁਜ਼ਾਰੇ ਵਾਸਤੇ ਕੋਈ ਹੋਰ 'ਵਿਹਾਰ' ਕਰੋ।

ਕੀ ਭਾਈ ਮੰਝ ਦੀ ਕਿਰਤ ਕਮਾਈ ਕਰਕੇ ਆਪਣਾ ਗੁਜ਼ਾਰਾ ਕਰਨਾ ਤੇ ਫਿਰ ਲੰਗਰ ਦੀ ਸੇਵਾ ਕਰਨ ਵਾਲੀ ਸਾਖੀ ਸਾਡੇ ਵਾਸਤੇ ਠੀਕ ਨਹੀਂ ਢੁਕਦੀ ?

ਕੀ ਅਜੇਹੀਆਂ ਸਾਖੀਆਂ ਦੂਜਿਆਂ ਦੇ ਸੁਨਾਉਣ ਵਾਸਤੇ ਹੀ ਹੁੰਦੀਆਂ ਹਨ

ਕੋਈ ਲਿਖਦਾ ਹੈ ਅੱਜ ਦਾ ਰਾਗੀ ਸਿੰਘ ਮਰਦਾਨੇ ਮਰਾਸੀ ਤੋਂ ਛੋਟਾ ਹੈ। ਸਿੰਘਾਂ ਦੇ ਕੀਰਤਨ ਦੀ ਕੀਮਤ ਹੈ ਪਰ ਧੰਨ ਮਰਦਾਨਾ ਜਿਸ ਗੁਰੂ ਦੀ ਬਾਣੀ ਦਾ ਕੀਰਤਨ ਕੀਤਾ। ਨਾਨਕ ਨੂੰ ਬਾਣੀ ਗਾਣ ਲਈ ਰਬਾਬ ਦਾ ਸੰਗੀਤ ਦਿਤਾ ਅਤੇ 'ਇਵਜ਼ਾਨੇ' ਵਜੋਂ ਰੋੜਾ ਤੇ ਸੰਵਿਆ, ਅੱਕਾਂ ਦਾ ਅਹਾਰ ਕੀਤਾ, ਪਰ ਰੱਬ ਦੇ ਢਾਡੀ ਕਵੀ ਨਾਨਕ ਦਾ ਸਾਥ ਨਾ ਛੱਡਿਆ। ਪਰ ਅਜ ਬਦੋ ਬਦੀ ਉਸ ਦੇ ਸਿੰਘ ਨੇ ਸਾਥੀਆਂ ਨੂੰ ਵਿਛੋੜ ਿ ਦਤਾ। ਪਰ ਤਦ ਹੀ ਤਾਂ ਕਿਸੇ ਨੇ ਆਖਿਆ ਹੈ

"ਭਾਈ ਮਰਦਾਨਾ ਤੇਰਾ ਦਿਤਾ ਨਾਨਕ ਦੇ ਸਿੱਖਾਂ ਤੋਂ ਮੋੜ ਨਹੀਂ ਹੋਣਾ ਉਸ ਦਾ ਮੁੱਲ ਵੀ ਨਹੀਂ ਚੁਕਿਆ ਜਾਣਾ। ਜੇ ਤੁਠੇ ਤਾਂ ਇਕ ਕਿਰਪਾ ਹੋਰ ਕਰਦੇ ਨਾਨਕ ਦੇ ਸਿੱਖਾਂ ਨੂੰ ਆਪਣਾ ਸਿਦਕ ਦੇ ਦੇ ਨਹੀਂ ਤਾਂ ਇਨ੍ਹਾਂ ਸਿੱਖਾਂ ਸਦਕਾ ਤੇਰੇ ਸਾਥੀ ਤੇਰੇ ਰਹਿਬਰ, ਗੁਰੂ ਨਾਨਕ ਦਾ ਸਰੂਪ, ਉਹ ਨਹੀਂ ਰਹਿਣਾ ਜਿਹੜਾ ਤੂੰ ਵੇਖਿਆ ਸੀ।"

ਹਵਾਲੇ —
ਗੁਰਮਤਿ ਗਾਡੀ ਰਸਤਾ - ਭਾਗ ਪਹਿਲਾ ਤੇ ਦੂਜਾ
ਵੀਰ ਸਿੰਘ 'ਮਜੀਠੀਆ' — 1943
ਗੁਰੂ ਨਾਨਕ ਬਾਰੇ ਸੱਚ ਦੀ ਖੋਜ ਡਾ: ਸੁਰਿੰਦਰ ਸਿੰਘ ਦੁਸ਼ਾਂਝ - 1972

ਪੰਨਾ 11 ਦੀ ਬਾਕੀ

ਅਸੀਂ ਆਸ ਕਰਦੇ ਹਾਂ ਕਿ ਪਰੋਗਰਾਮ ਵਿਚ ਪੜ੍ਹੇ ਗਏ ਲੇਖਕਾਂ ਅਤੇ ਕਵਿਤਾਵਾਂ ਨੂੰ ਆਉਂਦਿਆਂ ਪਰਚਿਆਂ ਵਿਚ ਛਾਪਣ ਦਾ ਉਦਮ ਕੈਨੇਡਾ ਦਰਪਣ ਦੇ ਐਡੀਟਰ ਦਰਸ਼ਨ ਗਿੱਲ ਕਰਨਗੇ।

ਕੋ-ਆਰਡੀਨੇਟਰ
ਅਮਰਜੀਤ ਚਾਹਲ
ਪੰਜਾਬੀ ਲੇਖਕ ਮੰਚ ਵੈਨਕੂਵਰ

# ਅਕਾਲੀ ਦਲ ਦੀ 31 ਮੈਂਬਰੀ ਐਗਜ਼ੈਕਟਿਵ ਦਾ ਐਲਾਨ

ਚੰਡੀਗੜ੍ਹ — ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਦਲ ਦੀ 31 ਮੈਂਬਰੀ ਨਵੀਂ ਵਰਕਿੰਗ ਕਮੇਟੀ ਦਾ ਐਲਾਨ ਕਰ ਦਿਤਾ ਹੈ। ਕਮੇਟੀ ਵਿਚ ਸ. ਪ੍ਰਕਾਸ਼ ਸਿੰਘ ਬਾਦਲ, ਸ. ਗੁਰਚਰਨ ਸਿੰਘ ਟੌਹੜਾ ਅਤੇ ਕਈ ਹੋਰ ਸੀਨੀਅਰ ਆਗੂ ਵੀ ਸ਼ਾਮਲ ਹਨ। ਸ. ਬਸੰਤ ਸਿੰਘ ਖਾਲਸਾ ਅਤੇ ਸ. ਮੇਜਰ ਸਿੰਘ ਉਬੋਕੇ ਨੂੰ ਵਰਕਿੰਗ ਕਮੇਟੀ ਵਿਚ ਨਹੀਂ ਲਿਆ ਗਿਆ। ਸ. ਬਰਨਾਲਾ ਨੇ ਨਵੀਂ ਵਰਕਿੰਗ ਕਮੇਟੀ ਕੋਈ ਦੋ ਮਹੀਨੇ ਪਿਛੋਂ ਬਣਾਈ ਹੈ ਜਿਸ ਵਿਚ ਉਨ੍ਹਾਂ ਨੇ ਸਾਰੇ ਗਰੁਪਾਂ ਨੂੰ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਕਾਲੀ ਦਲ ਪ੍ਰਧਾਨ ਸ. ਬਰਨਾਲਾ ਨੇ ਨਵੀਂ ਵਰਕਿੰਗ ਕਮੇਟੀ ਵਿਚ ਤਾਕਤ ਦਾ ਤਵਾਜ਼ਨ ਆਪਣੇ ਹੀ ਹੱਥ ਵਿਚ ਰੱਖਿਆ ਹੈ।

ਸ. ਬਰਨਾਲਾ ਨੇ ਪਾਰਟੀ ਦੇ ਸੀਨੀਅਰ ਉਪ ਪ੍ਰਧਾਨ ਸੁਰਜਨ ਸਿੰਘ ਠੇਕੇਦਾਰ ਅਤੇ ਉਪ ਪ੍ਰਧਾਨ ਸ. ਅਮਰ ਸਿੰਘ ਨਲਿਨੀ ਅਤੇ ਸ. ਹਰਬੰਸ ਸਿੰਘ ਘੁੰਮਣ ਨੂੰ ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਚਾਰ ਜਨਰਲ ਸਕੱਤਰ ਨਿਯੁਕਤ ਕੀਤੇ ਹਨ ਜਿਨ੍ਹਾਂ ਵਿਚ ਸ. ਹਰਭਜਨ ਸਿੰਘ ਸੰਧੂ, ਸ. ਮਨਜੀਤ ਸਿੰਘ ਖਹਿਰਾ, ਸ. ਮਨਜੀਤ ਸਿੰਘ ਕਲਕੱਤਾ ਅਤੇ ਸ. ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਸ਼ਾਮਲ ਹਨ। ਪਾਰਟੀ ਦੀ ਐਗਜ਼ੈਕਟਿਵ ਵਿਚ ਜਿਨ੍ਹਾਂ ਮੈਂਬਰਾਂ ਨੂੰ ਲਿਆ ਗਿਆ ਹੈ ਉਨ੍ਹਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ, ਸ. ਗੁਰਚਰਨ ਸਿੰਘ ਟੌਹੜਾ, ਸ. ਬਲਵੰਤ ਸਿੰਘ, ਸ. ਸੁਖਜਿੰਦਰ ਸਿੰਘ, ਸ. ਰਵੀਇੰਦਰ ਸਿੰਘ, ਸ. ਤੋਤਾ ਸਿੰਘ, ਕੈਪਟਨ ਅਮਰਿੰਦਰ ਸਿੰਘ, ਸ. ਜਸਵੰਤ ਸਿੰਘ ਮਾਨਸਾ, ਸ. ਜੋਗਿੰਦਰ ਸਿੰਘ ਸਾਹਨੀ, ਸ. ਰਾਜਿੰਦਰ ਸਿੰਘ ਧਾਲੀਵਾਲ, ਸ. ਕਾਬਲ ਸਿੰਘ, ਸ. ਹਰੀ ਸਿੰਘ ਜ਼ੀਰਾ, ਸ. ਸੁੱਚਾ ਸਿੰਘ ਛੋਟੇਪੁਰ, ਸ. ਧੰਨਾ ਸਿੰਘ ਗੁਲਸ਼ਨ, ਬੀਬੀ ਰਜਿੰਦਰ ਕੌਰ, ਸ. ਪਰਮਜੀਤ ਸਿੰਘ ਸਰਨਾ, ਸ. ਭਰਪੂਰ ਸਿੰਘ ਧਨੌਲਾ, ਸ. ਨਾਜ਼ਰ ਸਿੰਘ ਜੀਂਦ, ਸ. ਸ਼ਸ਼ਪਾਲ ਸਿੰਘ, ਸ. ਤਾਲਿਬ ਸਿੰਘ ਸੰਧੂ, ਸ. ਪ੍ਰੇਮ ਸਿੰਘ ਚੰਦੂਮਾਜ਼ਰਾ, ਸ. ਤੇਜਾ ਸਿੰਘ ਦਰਦੀ ਅਤੇ ਸ. ਬਲਵੰਤ ਸਿੰਘ ਜੰਮੂ ਅਤੇ ਕਸ਼ਮੀਰ ਦਾ ਨਾਂ ਸ਼ਾਮਲ ਹੈ।

ਪਾਰਟੀ ਪ੍ਰਧਾਨ ਨੇ ਸਲਾਹਕਾਰ ਕਮੇਟੀ ਦਾ ਵੀ ਪੁਨਰਗਠਨ ਕੀਤਾ ਹੈ। ਇਸ ਦੇ ਮੈਂਬਰਾਂ ਵਿਚ ਸ੍ਰੀ ਚਰਨ ਦਾਸ ਘਈ, ਮੋਹਰ ਚੰਦ ਭਾਰਦਵਾਜ, ਨੁਸਰਤ ਅਲੀ, ਰਣਧੀਰ ਸਿੰਘ ਚੀਮਾ, ਨਿਰਮਲ ਸਿੰਘ ਨਿਰਮਲ, ਬ੍ਰਿਗੇਡੀਅਰ ਮਹਿੰਦਰ ਸਿੰਘ, ਬਲਦੇਵ ਸਿੰਘ ਸਾਬਕਾ ਡੀ. ਪੀ. ਆਈ., ਗੁਰਨਾਮ ਸਿੰਘ ਤੀਰ, ਬੀਬੀ ਸਤਵੰਤ ਕੌਰ, ਗੁਰਨਾਮ ਸਿੰਘ ਬਿਜਲ, ਮੁਖਤਿਆਰ ਸਿੰਘ, ਅਜੀਤ ਸਿੰਘ ਸਰਹੱਦੀ, ਪ੍ਰੀਤਮ ਸਿੰਘ ਉਬਰਾਏ ਅਤੇ ਗੋਬਿੰਦ ਸਿੰਘ ਲੌਂਗੋਵਾਲ ਦੇ ਨਾਂ ਸ਼ਾਮਲ ਹਨ। ਸ. ਬਰਨਾਲਾ ਨੇ ਕਿਹਾ ਕਿ ਵਰਕਿੰਗ ਕਮੇਟੀ ਦੇ ਸਾਰੇ ਅਹੁਦੇਦਾਰ ਵੀ ਵਿਧਾਇਕ ਪਾਰਟੀ ਦੀ ਹੋ ਰਹੀ ਮੀਟਿੰਗ ਵਿਚ ਸ਼ਾਮਲ ਹੋਣਗੇ।

## ਦੁਨੀਆਂ ਦੀ ਸਭ ਤੋਂ ਵੱਡੀ ਕੋਹੜ ਕਿਰਲੀ

ਦੁਨੀਆਂ ਦੀ ਸਭ ਤੋਂ ਵੱਡੀ ਕੋਹੜ ਕਿਰਲੀ ਮੋਰੋਡਰੇਗੋਕ ਹੈ ਜਿਸ ਦੀ ਲੰਬਾਈ ਸਾਢੇ ਤਿੰਨ ਮੀਟਰ ਹੈ। ਇਹ ਇੰਡੋਨੇਸ਼ੀਆ ਵਿਚ ਪਾਈ ਜਾਂਦੀ ਹੈ। ਇਸ ਦਾ ਭਾਰ 135 ਕਿਲੋਗ੍ਰਾਮ ਤਕ ਹੁੰਦਾ ਹੈ। ਇਹ ਜ਼ਮੀਨ 'ਤੇ ਦੌੜਦੀ ਹੈ ਅਤੇ ਹਿਰਨ ਤੇ ਰਿੱਛ ਵਰਗੇ ਤੇਜ਼ ਰਫਤਾਰੇ ਜਾਨਵਰਾਂ ਦਾ ਸ਼ਿਕਾਰ ਕਰਦੀ ਹੈ।

## ਦੁਨੀਆਂ ਦਾ ਸਭ ਤੋਂ ਵੱਡਾ ਬੀਜ

ਦੁਨੀਆਂ ਦਾ ਸਭ ਤੋਂ ਵੱਡਾ ਬੀਜ ਹਿੰਦ ਮਹਾਂਸਾਗਰ ਦੇ ਟਾਪੂ ਮਾਰੀਸ਼ਿਸ਼ 'ਚ ਪੈਦਾ ਹੋਣ ਵਾਲੇ ਇਕ ਫਲ ਦਾ ਹੁੰਦਾ ਹੈ। ਇਸ ਫਲ ਦਾ ਨਾਂ ਕੋਕੋਡੀਮਰ ਹੈ ਜਿਸ ਦਾ ਸੁਆਦ ਜੁੜਵਾਂ ਨਾਰੀਅਲ, ਜੋ ਕਿ ਮਾਰੀਸ਼ਿਸ਼ ਟਾਪੂ ਤੋਂ ਬਿਨਾਂ ਕਿਧਰੇ ਨਹੀਂ ਹੁੰਦਾ, ਵਰਗਾ ਹੁੰਦਾ ਹੈ। ਇਸ ਦੇ ਬੀਜ ਦਾ ਵਜ਼ਨ 40 ਪੌਂਡ ਹੈ।

**Woods Auto Body**
530 Victoria St. NEW WESTMINSTER, B.C.
Collision Repairs & Painting
14 Year's experienced persons



We Serve :
■ Free Estimates ■ I.C.B.C. Claims ■ Rust Repairs
■ Glass installations
All work is guranteed
Come and see
more information : Call

Gurdip [Gordy] Mutti
Ph. Bus. 521-6730
Res. 521-2184

DO YOU NEED PLUMBING OR
ELECTRICAL SUPPLIES AND SERVICE FOR
NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**



PLUMBING &
ELECTRICAL
SUPPLY
4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS

# ਭਵਿੱਖ ਬਾਣੀ

**ਰਾਮ ਸਿੰਘ ਢਿੱਲੋਂ(ਗੋਰਾਇਆ) ਸਰੀ**

(ਐਹ ਆਰਟੀਕਲ ਮੈਂ 1984 ਅੰਤ ਵਿਚ ਲਿਖਿਆ ਸੀ ਪਰ ਛਪਣ ਲਈ ਅਜ ਭੇਜ ਰਿਹਾ ਹਾਂ )

ਭਵਿਖ-ਵਾਦੀ ਅਜਿਹੇ ਅਜੋਕੀ ਅਕਾਸ਼-ਖੋਜ, ਕੰਪਿਊਟਰ-ਸਾਇਸ (ਛੂਮੰਤਰ-ਹਿਸਾਬੀ ਜੰਤਰ), ਸੂਰਜੀ-ਸ਼ਕਤੀ ਆਦਿ ਵਿਚ ਵਿਸ਼ਵਾਸ਼ ਰਖਦੇ ਹਨ, ਓਹ ਦੁਨੀਆਂ ਦੇ ਭਵਿਖ ਨੂੰ ਬੜੀ ਚਮਕਦੀ ਨਜ਼ਰੇ ਤਕ ਰਹੇ ਹਨ ਪਰ ਰਾਜਨੀਤੀ-ਸ਼ਾਸਤਰੀ ਦੁਨੀਆਂ ਦੀ ਵਧ ਰਹੀ ਆਬਾਦੀ ਅਤੇ ਹਵਾਈ-ਅਪਵਿਤਰਤਾ ਆਦਿ ਦਾ ਨਰੀਖਣ ਕਰਦੇ ਹੋਏ ਇਨਸਾਨੀ ਭਵਿਖ ਤੋਂ ਬੜੇ ਨਿਰਾਸ਼ਾਵਾਦੀ ਹਨ । ਭਵਿਖ ਦਾ ਆਧਾਰ ਏਸ ਗੱਲ ਤੇ ਹੈ ਕਿ ਕੀ ਮਨੁੱਖਤਾ ਪ੍ਰਧਾਨ ਹੁੰਦੀ ਹੈ ਜਾਂ ਸ਼ਿਲਪ-ਵਿਗਆਨ ?

ਭਵਿਖ-ਵਾਦੀ, ਭਵਿਖ ਬਾਰੇ ਸੋਚਦੇ ਹੋਏ ਆਪਣੇ ਆਪ ਨੂੰ ਉਤਸ਼ਾਹ ਦਾ ਬੁਲਬੁਲਾ ਆਖਦੇ ਹਨ ਜਦ ਓਹ ਏਸ ਧਰਤੀ ਉਪਰ ਅਤੇ ਆਕਾਸ਼ ਵਿਚ ਸ਼ਿਲਪ-ਵਿਗਿਆਨ ਦੀਆਂ ਹੈਰਾਨ ਕਰਨ ਵਾਲੀਆਂ ਪ੍ਰਾਪਤੀਆਂ ਦੀਆਂ ਗੱਲਾਂ ਕਰਦੇ ਹਨ । ਦੂਜੇ ਬੰਨੇ ਜਿਹੜੇ ਭਵਿਖ-ਵਾਦੀ ਅੰਤਰਰਾਸ਼ਟਰੀ ਰਾਜਨੀਤੀ ਅਤੇ ਇਨਸਾਨ ਦਾ ਧਰਤੀ ਉਪਰ ਪ੍ਰਭਾਵ, ਜਿਸ ਵਿਚ ਜੰਗਲਾਂ ਦਾ ਕੱਟਿਆ ਜਾਣਾ ਤੇ ਬਹੁਤੇ ਬੱਚਿਆਂ ਦਾ ਪੈਦਾ ਹੋਣਾ ਸ਼ਾਮਲ ਹੈ ਉਹ ਅਗਲੇ ਕੁਝ ਕੁ ਕਾਲੇ ਦਹਾਕਿਆਂ ਬਾਰੇ ਬੜੇ ਚਿੰਤਾਤੁਰ ਹਨ ।

ਪਿਛੇ ਜੇਹੇ ਕੈਨੇਡਾ ਦੇ ਸ਼ਹਿਰ ਟਰਾਂਟੋ ਵਿਖੇ ਹੋਈ ਪਹਿਲੀ ਭਵਿਖ ਬਾਰੇ ਗਲੋਬਲ ਕਾਨਫਰੰਸ ਜਿਸਦੇ ਸਿੱਟੇ ਹੇਠ ਲਿਖੇ ਅਨੁਸਾਰ ਹੋਏ ਦੀ ਬੜੀ ਮਹੱਤਤਾ ਹੈ:

40 ਦੇਸ਼ ਦੇ 5000 ਡੇਲੀਗੇਟਾਂ ਨੇ ਇਸ ਵਿਚ ਭਾਗ ਲਿਆ ਅਤੇ ਓਥੇ 400 ਵੱਖ ਵੱਖ ਗੋਸ਼ਟੀਆਂ ਹੋਈਆਂ । ਦੋ ਬੜੇ ਹੋਟਲਾਂ ਵਿਚ 1100 ਬੁਲਾਰਿਆਂ ਨੂੰ ਸੁਨਣ ਲਈ, ਜਿਹੜੇ ਖੁਰਾਕ, ਮਜ਼੍ਹਬ, ਬ੍ਰਹਮੰਡ ਅਤੇ ਸੈਰ ਸਪਾਟੇ ਆਦਿ ਬਾਰੇ ਬੋਲੇ, ਬੜੀ ਨੱਠ-ਭਜ ਰਹੀ । ਕੁਝ ਡੇਲੀਗੇਟ ਜਿਨ੍ਹਾਂ ਕੋਲ ਭਵਿਖ ਬਾਰੇ ਤਾਂ ਬੜਾ ਜਾਣਕਾਰੀ ਭੰਡਾਰ ਸੀ, ਪਰ ਉਨ੍ਹਾਂ ਲਈ ਹੋਟਲਾਂ ਵਿਚ, ਨਿਸਚਿਤ ਬੋਲਣ-ਕਮਰਾ ਲੱਭਣਾ ਬੜੀ ਸਮੱਸਿਆ ਸੀ । ਕੁਝ ਗੋਸ਼ਟੀਆਂ ਤਾਂ ਬਹੁਤੀਆਂ ਕਾਮਯਾਬ ਨਹੀਂ ਸਨ ਲਗਦੀਆਂ ਪਰ ਬਹੁਤੀਆਂ ਕਾਰਜ-ਖੇਤਰ ਦੇ ਸਿਖਰ ਉਪੜ, ਮੁੱਕਣ ਸਮੇਂ ਤੋਂ ਉਪਰੰਤ ਵੀ ਚਲਦੀਆਂ ਰਹੀਆਂ ।

ਕਾਨਫਰੰਸ ਦੇ ਪ੍ਰਬੰਧਕ ਵਰਲਡ ਫੀਊਚਰ ਸੋਸਾਇਟੀ ਅਤੇ ਕੈਨੇਡੀਅਨ ਫੀਊਚਰ ਸੋਸਾਇਟੀ, ਜਿਨ੍ਹਾਂ ਦਾ ਅੰਦਾਜ਼ਾ 3000-3500 ਹਾਜ਼ਰੀ ਤੋਂ 500,000 ਡਾਲਰ ਇਕੱਠਾ ਕਰਨਾ ਸੀ, ਉਨ੍ਹਾਂ ਨੂੰ 5000 ਦੀ ਹਾਜ਼ਰੀ ਉਪਰੰਤ ਰੀਜਿਸਟਰੇਸ਼ਨ ਬੰਦ ਕਰਨੀ ਪਈ ਜਦ ਕਿ ਬੇਅੰਤ ਹੋਰ ਦਾਖਲੇ ਲਈ ਰੌਲਾ ਪੈਂਦਾ ਰਹੇ ।

300 ਤੇ ਅਧਿਕਾਰੀ ਰੀਪੋਰਟਰ ਹੀ ਸਨ । ਟਰਾਂਟੋ ਦੇ ਦੋ ਰੋਜ਼ਾਨਾ ਅਖਬਾਰਾਂ ਏਨੀਆਂ ਉਤਸ਼ਾਹਤ ਸਨ ਕਿ ਓਹ ਰੋਜ਼ਾਨਾ ਗਿਆਰਾਂ ਗਿਆਰਾਂ ਰੀਪੋਰਟਰ ਭੇਜਦੇ ਰਹੇ । ਸਵਿਸ-ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਇਕ ਘੰਟੇ ਦਾ ਰੇਡੀਓ-ਸ਼ੋ ਪੇਸ਼ ਕੀਤਾ ਅਤੇ ਇਕ ਇਟੈਲੀਅਨ-ਟੈਲੀ ਵੀਯਨ-ਨੈਟ ਵਰਕ ਨੇ ਤਿੰਨ ਘੰਟੇ ਦੀ ਫਿਲਮ ਤਿਆਰ ਕੀਤੀ ।

ਰੌਬਰਟ-ਸ਼ੈਨੀਕਰ ਟਰਾਂਟੋ ਮੈਨਜਮੈਂਟ ਕੰਪਨੀ ਦਾ ਪ੍ਰਤੀਨਿਧ ਜਿਹੜਾ ਕਫਾਇਤ-ਸ਼ੁਆਰੀ ਅਤੇ ਮਾਲ ਬਾਰੇ ਗੋਸ਼ਟੀਆਂ ਦਾ ਪ੍ਰਬੰਧਕ ਸੀ, ਕਾਫੀ ਗੁੱਸੇ ਜਾਪਦਾ ਸੀ ਕਿਉਂ ਜੋ ਚੀਨ ਦੇ ਭਵਿਖ ਬਾਰੇ ਗੋਸ਼ਟੀ ਤੇ ਕੇਵਲ 70 ਵਿਅਕਤੀ ਹੀ ਹਾਜ਼ਰ ਆਏ ਅਤੇ 4930 ਸੀਟਾਂ ਖਾਲੀ ਸੀ ਬੇਸ਼ੱਕ ਇਹਦਾ ਕਾਰਨ ਏਸ ਗੋਸ਼ਟੀ ਤੇ ਬਹੁਤੀ ਗਲਬਾਤ ਚੀਨੀ ਜ਼ਬਾਂਨ (ਮੈਂਡ੍ਰਿਨ) ਵਿਚ ਹੋਣ ਕਰਕੇ ਸੀ, ਕਿਉਂਜੋ ਪੀਕਿੰਗ ਦੇ ਡੇਲੀਗੇਟ ਇੰਗਲਿਸ਼ ਸਮਝ ਨਹੀਂ ਸਨ ਸਕਦੇ ਤੇ ਸਰੋਤੇ ਮੈਂਡ੍ਰਿਨ ਸਮਝਣ ਤੋਂ ਅਸਮਰਥ ਸਨ ।

ਸਵੇਰ ਤੋਂ ਲੇਟ ਸ਼ਾਮ ਤੱਕ ਹਰ ਵੇਲੇ 25 ਗੋਸ਼ਟੀਆਂ ਹੁੰਦੀਆਂ ਸਨ, ਏਸ ਲਈ ਇਹ ਬੜੀ ਘਾਟ ਸੀ ਕਿ ਹਰ ਕਿਸੇ ਨੂੰ ਸੁਣ ਸਕਣਾ ਅਸੰਭਵ ਸੀ । ਬਹੁਤ ਕਮਾਲ ਦੀ ਜਾਣਕਾਰੀ ਅਤੇ ਕੀਮਤੀ ਖਿਆਲਾਤ ਬਹੁਤ ਥੋੜੇ ਵਿਅਕਤੀਆਂ ਦੇ ਪੱਲੇ ਪੈ ਸਕੇ । ਬਹੁਤ ਸਾਰੀਆਂ ਗੋਸ਼ਟੀਆਂ ਦੇ ਟੇਪ ਭਰੇ ਗਏ ਤੇ ਕੋਈ ਖਾਸ ਵਿਸ਼ੇ ਤੇ ਖਾਸ ਰੁਚੀ ਦੀ ਪ੍ਰਾਪਤੀ ਲਈ 90 ਮਿੰਟਾਂ ਦੀ ਰੀਕਾਰਡਿੰਗ ਕੇਵਲ 8 ਡਾਲਰ ਦੇ ਕੇ ਮਿਲ ਸਕਦੀ ਸੀ । ਖਾਸ ਖਾਸ ਬੁਲਾਰੇ ਇੰਜ ਬੋਲੇ :-

ਸਾਇੰਸ-ਕੌਂਸਲ ਆਫ ਕੈਨੇਡਾ ਦਾ ਅਰਥ ਕੋਰਡੇਲ ਕਹਿੰਦਾ ਕਿ, ਮਾਈਕਰੋ-ਈਲੈਕਟੌਨਿਕਸ ਦੇ ਘੇਰੇ ਵਿਚ ਭਵਿਖ ਮੂੰਹੋਂ ਬੋਲ ਰਿਹਾ ਹੈ । ਕਪਿਊਟਰਾਂ ਦੀ ਸ਼ਕਤੀ ਪਿਛਲੇ ਪੰਦਰਾਂ ਸਾਲਾਂ ਵਿਚ 10,000 ਗੁਣਾਂ ਵੱਧ ਚੁਕੀ ਹੈ ਜਦ ਕਿ ਇਨ੍ਹਾਂ ਦੇ ਮੁੱਲ ਅਥਵਾ ਕੀਮਤ ਵਿਚ ਲੱਖ ਗੁਣਾਂ ਘਟੀ ਹੈ । ਇਹ ਕਹਿੰਦਾ ਸੰਨ 1990 ਤੱਕ ਕੰਪਿਊਟਰ-ਸਪੀਡ 4000 ਗੁਣਾ ਵਧੇਗੀ ਅਤੇ ਘਰੇਗੀ ਕੰਪਿਊਟਰ-ਟਰਮੀਨਲਾਂ (ਸੈੱਟ) ਦੀ ਕੀਮਤ ਕੇਵਲ 300 ਡਾਲਰ ਹੋਵੇਗੀ । ਸ਼ੁਰੂ 1950 ਸਾਰੇ ਅਮਰੀਕਾ ਵਿਚ ਅੰਦਾਜਨ 1000 ਕਪਿਊਟਰ ਸਨ ਪਰ 1985 ਦੇ ਅੰਤ ਤੱਕ ਇਨ੍ਹਾਂ ਕੰਪਿਊਟਰਾਂ ਦੀ ਗਿਣਤੀ ਦਸ ਮਿਲੀਅਨ ਅਥਵਾ ਇਕ ਕਰੋੜ ਹੋ ਜਾਵੇਗੀ । ਕੋਰਡੇਲ ਕਹਿੰਦਾ ਕਿ ਭਵਿਖੀ ਬੜੇ ਕੰਪਿਊਟਰ-ਸੂਚਨਾ-ਜੰਤਰਾਂ ਕਾਰਨ ਅਜੋਕੇ ਮਹਿਕਮਿਆਂ ਜਿਵੇਂ ਕਿ ਪੋਸਟ-ਆਫਿਸ ਅਤੇ ਟੈਲੀਫੋਨਾਂ ਨੂੰ ਵੀ ਧੱਕਾ ਵੱਜਣ ਦਾ ਖਤਰਾ ਹੈ । ਸੰਮਤ 1985 ਤੱਕ 65 ਪ੍ਰਤੀਸ਼ਤ ਦੇਸ਼ ਅੰਦਰਲੀ 500 ਵੱਡੇ ਦੇ ਅਮਰੀਕੀ ਸ਼ਹਿਰਾਂ ਦੀ ਡਾਕ ਈਲੈਕਟਰੌਨਿਕ ਸਾਧਨਾਂ ਦਵਾਰਾ ਉਪੜੇਗੀ ਅਤੇ 1990 ਤਕ ਅਮਰੀਕਾ ਵਸੋਂ ਦੇ 20 ਪ੍ਰਤੀਸ਼ਤ ਲੋਕੀ ਈਲੈਕਟਰੌਨਿਕ ਸਾਜ਼ੋ-ਸਾਮਾਨ ਕਈ ਪ੍ਰਕਾਰ ਦੀ ਵਰਤੋਂ 'ਚ ਲਿਆਉਣਗੇ । ਕੋਰਡੇਲ ਕਹਿੰਦਾ ਕਿ ਨਵੀਆਂ ਦੋ ਇੰਨਡਸਟਰੀਆਂ ਉਤਪਨ ਹੋਣਗੀਆਂ ਤੇ ਪੁਰਾਣੀਆਂ ਖਤਮ ਹੋ ਜਾਣਗੀਆਂ ।

ਫੈਕਟਰੀਆਂ ਲਈ ਈਸਪਾਤੀ-ਮਨੁੱਖਾਂ ਦੀ ਲੋੜ 35 ਪ੍ਰਤੀਸ਼ਤ ਸਾਲਾਨਾ ਵੱਧ ਰਹੀ ਹੈ ਅਤੇ ਏਸ ਦਹਾਕੇ ਦੇ ਅੰਤ ਤਕ ਇਨ੍ਹਾਂ ਮਨੁੱਖਾਂ ਦੀ ਵਿਚ ਵਾਲੀ (ਸੇਲ) ਦੋ ਬਿਲੀਅਨ ਡਾਲਰ (ਦੋ ਅਰਬ) ਤਕ ਉਪੜ ਜਾਵੇਗੀ । ਇਹ ਧਾਤੀ ਮਨੁੱਖ, ਬਿਨਾਂ ਸਟਰਾਈਕਾਂ, ਕਾਫੀ-ਬਰੇਕਾਂ ਅਤੇ ਸਮੋਕ-ਟਾਈਮਾਂ ਦੇ ਕੰਮ ਕਰਦੇ ਹੋਏ ਤਿੰਨੇ ਸ਼ਿਫਟਾਂ (24 ਘੰਟੇ) ਅਣਥੱਕ ਜੁਟੇ ਰਹਿਣਗੇ । ਓਹ ਕਹਿੰਦਾ ਬੇਰੁਜ਼ਗਾਰੀ ਦੀ ਉਲਝਣ ਬੜੀ ਗੰਭੀਰ ਹੈ । ਉਦਾਹਰਣ ਵਜੋਂ ਜਨਰਲ-ਈਲੈਕਟ੍ਰਿਕ, ਆਟੋਮੈਟਿਕ-ਪਰੋਗਰਾਮ ਅਪਨਾਉਣ ਵਾਲੀ ਹੈ ਤੇ ਅੰਤ ਸਿਟੇ ਵਜੋਂ ਉਨ੍ਹਾਂ ਦੇ ਅਜੋਕੇ 37000 ਕਾਮਿਆਂ ਵਿਚੋਂ (ਅਸੈਂਬਲੀ ਡੀਪਾਰਟਮੈਂਟ) ਅੱਧੇ ਵੇਹਲੇ ਕਰ ਦਿਤੇ ਜਾਣਗੇ ।

ਜੀਵ-ਟੈਕਨਾਲੋਜੀ ਬਾਰ੍ਹੇ ਬੋਲਦਿਆਂ ਕੋਰਡੇਲ ਕਹਿੰਦਾ ਕਿ ਇਹ ਸਾਇੰਸ ਨਵੀਂ ਐਲਕੋਹਲ-ਬਾਲਣ ਸ਼ਕਤੀ (ਸਪਿਰਟ) ਬਣਾਏਗੀ, ਲੱਕੜਬੂਰਾ, ਫਾਲਤੂ ਕਾਗਜ਼ (ਵੇਸਟ ਪੇਪਰ) ਤੋਂ ਪਸ਼ੂਆਂ ਲਈ ਖੁਰਾਕ ਬਣਾਏਗੀ, ਨਵੀਂਆਂ ਫਸਲਾਂ ਉਗਾਏਗੀ ਜਿਹੜੀਆਂ ਆਪਣੇ ਆਪ ਆਪਣੀ ਖਾਦ ਬਣਾਉਣਗੀਆਂ ਅਤੇ ਫੈਕਟਰੀਆਂ ਦੀ ਸੁਟ-ਵੇਸਟ ਤੋਂ ਧਾਤਾ ਬਣਾਏਗੀ ।

ਕੋਰਡੇਲ ਕਹਿੰਦਾ ਭਵਿਖ ਵਿਚ ਬਾਇਓ-ਟੈਕਨਾਲੋਜੀ (ਜੀਵ-ਵਿਗਿਆਨ) ਅਤੇ ਮਾਈਕਰੋ-ਈਲੈਕਟਰੌਨਿਕਸ ਦੇ ਮੇਲ ਨਾਲ ਨਵੀਂ ਜ਼ਿੰਦਗੀ ਉਤਪਨ ਹੋਵੇਗੀ ਜਿਹਦਾ ਮਨੁੱਖੀ ਬਣਾਇਆ ਸਰੀਰ ਹੋਵੇਗਾ ਪਰ ਓਹਦੀ ਅਕਲ ਤੇ ਯਾਦਦਾਸ਼ਤ ਮਸਨੂਈ ਹੋਵੇਗੀ ।

ਲਾਸ-ਏਂਜਲਸ ਦੇ ਚਾਰਲਸ ਬਲੂਮ ਕਇਸਟ, ਜਿਹੜਾ ਯੂ. ਐਸ. ਨੈਸ਼ਨਲ ਏਅਰੋਨੌਟਿਕਸ (ਹਵਾਈ-ਵਿਗਿਆਨ) ਸ਼ਕਤੀ ਦਾ ਸਲਾਹੂ ਹੈ, ਨੇ ਸੂਰਜੀ-ਸ਼ਕਤੀ ਸੰਭਾਵੀ ਬਾਰੇ ਦੱਸਿਆ ਕਿ ਉਨ੍ਹਾਂ ਦੇ ਮਹਿਕਮੇਂ ਨੇ ਪਲਾੜ ਵਿਚ ਲਟਕਦੇ ਸੂਰਜੀ-ਉਪਗ੍ਰਹਿ ਬਾਰੇ ਖੋਜ ਮੁਕੰਮਲ ਕਰ ਲਈ ਹੈ । ਓਹ ਕਹਿੰਦਾ ਇਹ 10x5 ਕਿਲੋਮੀਟਰ ਸਾਈਜ਼ ਦਾ ਉਪ-ਗ੍ਰਹਿ ਸੂਰਜੀ-ਸ਼ਕਤੀ ਤੋਂ ਬਿਜਲੀ ਬਣਾਕੇ ਧਰਤੀ ਉਪਰ ਭੇਜ ਸਕੇਗਾ । ਇਹ ਅੰਦਾਜ਼ਨ 5000 ਮੈਗਾਵਾਟ (5 ਨੂਕਲੀਅਰ ਪਲਾਂਟਸ ਜਿੰਨੀ) ਬਿਜਲੀ ਬਣਾ ਸਕੇਗਾ । ਸਾਡੇ ਅੰਦਾਜ਼ੇ ਮੁਤਾਬਕ ਇਹ ਪ੍ਰਾਜੈਕਟ (ਯੋਜਨਾ) ਕਾਰੀਗਰੀ ਪਖੋਂ ਸੰਭਵ ਹੈ, ਆਰਥਿਕ ਪਖੋਂ ਸਮਰਥਕ ਹੈ ਅਤੇ ਵਾਤਾਵਰਣ ਤੇ ਸਮਾਜਕ ਪਖੋਂ ਪ੍ਰਵਾਨਿਤ ਹੈ । ਇਹ ਹੁਣ ਐਨਰਜੀ ਮਹਿਕਮੇ ਅਤੇ ਕਾਂਗਰਸ ਤੇ ਨਿਰਭਰ ਹੈ, ਓਹ ਹਰੀ ਝੰਡੀ ਕਦ ਦਿੰਦੇ ਹਨ ।

ਇੰਜਨੀਅਰਾਂ ਨੇ ਦੇਵਕੱਦ ਸਕੀਮਾਂ ਦਾ ਨਾਮ ਮੈਕੋ-ਇੰਜਨੀਅਰਿੰਗ ਰਖਿਆ ਹੈ । ਕੋਮਸ ਕੀ ਰਨਨਜ਼, ਜੋ ਕੈਨੇਡਾ ਦੇ ਨੋਵਾ ਸਕੋਸ਼ੀਆ ਪ੍ਰਾਂਤ ਦੇ ਅਲੈਗਜੇਂਡਰ-ਗ੍ਰੈਹਮ-ਬੈਲ ਇੰਡਸਟਰੀ ਚੀਊਟ ਦਾ ਡਾਇਰੈਕਟਰ ਹੈ, ਕਹਿੰਦਾ, ਕਿ ਸਾਡੀ ਸਕੀਮ, ਜੇਮਜ਼-ਬੇ ਝੀਲ ਤੇ, ਬੰਨ੍ਹ ਲਾ ਕੇ ਪੰਪਾਂ ਨਾਲ ਪਾਣੀ ਚੁਕ ਬੜੇ ਬੜੇ ਸਰੋਵਰਾਂ ਦ'ਚ ਸੁੱਟ ਨਹਿਰਾਂ ਦੁਬਾਰਾ ਮਹਾਂਦੀਪ ਦੇ ਆਰ ਪਾਰ 3000 ਮੀਲ ਦੇ ਫਾਸਲੇ ਤੇ ਕੈਲੇਫੋਰਨੀਆ ਪੁਹੰਚਾਣਾ ਹੈ । ਏਸ ਪਾਣੀ-ਵੇਚ ਸੌਦੇ ਵਿਚ ਕੈਨੇਡਾ ਨੂੰ ਦਸ ਬਿਲੀਅਨ ਡਾਲਰ ਸਾਲਾਨਾ ਆਮਦਨ ਹੋਵੇਗੀ, ਬੇਸ਼ਕ ਓਹਨੇ ਹਾਲੇ ਏਸ ਯੋਜਨਾ ਦੇ ਖਰਚ ਦਾ ਅੰਦਾਜ਼ਾ ਨਹੀਂ ਲਾਇਆ ।

ਏਸ ਟਰਾਂਟੋ ਹੋਈ ਕਾਨਫਰੰਸ ਦੇ ਮੂਲ-ਤੱਤ ਇਹ ਹਨ :-

1. ਨੇਊਯਾਰਕ ਦਾ ਆਰਕੀਟੈਕਟ ਡੇਵਿਡ ਸਟੀਗਲਿਟਜ਼, ਜਿਹਨੇ ਆਪਣੇ-ਨਿਰਭਰ ਸ਼ਹਿਰ ਦੀ ਰੂਪ ਰੇਖਾ ਚਿਤਰੀ ਹੈ, ਜਿਹੜਾ ਰੇਤ-ਥਲ ਵਿਚ ਉਸਾਰਿਆ ਜਾ ਸਕਦਾ ਹੈ ਤੇ ਓਹਦਾ ਨਾਮ ਕੇਪ੍ਰੀਕੋਰਨ ਰਖਿਆ ਹੈ, ਕਹਿੰਦਾ, ਕਿ ਜਲ-ਆਧਾਰਤ ਖੇਤੀਬਾੜੀ, ਹਰੇ ਹਰੇ ਜਲ-ਜਾਲੇ ਤੋਂ ਖੁਰਾਕ ਪੈਦਾ ਕਰੇਗੀ ਜਿਹੜੀ ਕੇਂਦਰਤ ਰੂਪ ਵਿਚ ਬਣਾਈ ਜਾ ਸਕੇਗੀ ਅਤੇ ਕਾਲ ਪੈਣ ਤੇ ਵਰਤੋਂ 'ਚ ਲਿਆਂਦੀ ਜਾ ਸਕੇਗੀ ।

2. ਮੌਰਟਿਨ ਸੈਟਿਨ (ਖੁਰਾਕ ਸਾਇੰਸਦਾਨ) ਕਹਿੰਦਾ, ਗਾਰਾ-ਖਾ ਪਲਦੇ ਜਰਾਸੀਮਾਂ ਤੋਂ ਮਾਸ ਦੀਆਂ ਚਾਂਪਾਂ ਬਣਨਗੀਆਂ ਜਿਹੜੀਆਂ ਅਜ ਤੋਂ ਵੀਹ ਸਾਲ ਤੱਕ ਤੁਹਾਡੇ ਫ੍ਰਾਈਪੈਨਾਂ ਵਿਚ ਤੁੜਕੀਆਂ ਜਾਣਗੀਆਂ । ਅਸੀਂ ਖਮੀਰੀ-ਘੋਲੂ ਤੋਂ ਰਸਾਇਣਕ-ਸਤ ਵੀ ਤਿਆਰ ਕਰਾਂਗੇ ਜਿਹੜਾ ਲੋਕੀ ਸਸਤਾ ਤੇ ਵਧੀਆ ਹੋਣ ਕਰਕੇ, ਇਹ ਮਸਨੂਈ-ਖੁਰਾਕ (ਬਨਾਉਟੀ) ਖਰੀਦਣਗੇ ।

3. ਰੌਏ-ਮੇਸਨ, ਵਾਸ਼ਿੰਗਟਨ ਡੀ. ਸੀ. ਦਾ ਆਰਕੀਟੈਕਟ, ਤਰਦੇ ਫਿਰਦੇ ਸ਼ਹਿਰਾਂ ਦੇ ਬਣਨ ਦੀ ਸੰਭਾਵਨਾ ਦੀ ਦਲੀਲ ਦਿੰਦਾ ਹੈ ਜਿਹੜੇ ਗਰਮ ਹਵਾਵਾਂ ਦੁਬਾਰਾ ਸਾਗਰਾਂ ਤੇ ਤਰਦੇ ਫਿਰਨਗੇ । ਇਹ ਚਲਦੇ ਫਿਰਦੇ ਸ਼ਹਿਰ ਬੜੇ ਬੜੇ ਪਲਾਸਟਿਕ ਗੋਲਿਆਂ ਵਿਚ ਧਰਤੀ ਉਪਰ ਉਪ-ਗ੍ਰਹਿ ਸ਼ਹਿਰ ਪਲਾੜ ਵਿਚ, ਅਰੈਕਟਿਕ (ਉਤਰੀ-ਧਰੂ) ਅਤੇ ਰੇਗਿਸਤਾਨ ਵਿਚ ਗੁੰਬਦਾਂ-ਮਮਟੀਆਂ ਦੀ ਸ਼ਕਲ ਵਿਚ ਅਤੇ ਹਵਾ ਭਰੇ ਗੁਬਾਰਿਆਂ ਵਾਲੇ ਘਰ ਜਿਹੜੇ ਸੂਟ ਕੇਸ ਵਿਚ ਰਖੇ ਜਾ ਸਕਣਗੇ, ਦੇ ਬਣਨ ਦੀ ਸੰਭਾਵਨਾ ਹੈ ।

4. ਯੂ. ਐਸ ਪੁਲਾੜੀ ਸਾਇੰਸਦਾਨ ਕੋਰਨਡ ਡੈਨਿਨਬਰਗ ਆਪਣੀਆਂ ਉਮੀਦਾਂ ਐਲ 5 ਬਿੰਦੀ ਤੇ ਬੰਨ੍ਹੀ ਬੈਠਾ ਹੈ, ਇਹ ਥਾਂ ਧਰਤੀ ਤੇ ਚੰਦ ਵਿਚਕਾਰ ਹੈ ਜਿਥੇ ਬਾਗਾਂ ਵਾਲੇ, ਅਪਾਰਟਮੈਂਟਾਂ ਵਾਲੇ, ਫੈਕਟਰੀਆਂ ਵਾਲੇ ਪੁਲਾੜੀ ਪਲੇਟਫਾਰਮ ਉਸਰਨਗੇ ਤੇ ਹਮੇਸ਼ਾਂ ਲਟਕਦੇ ਰਹਿਣਗੇ । ਉਹਦੇ ਨਾਲ ਐਲ 5 ਸੁਸਾਇਟੀ ਦੇ 5000 ਮੈਂਬਰ ਸਦਾ ਵਚਨ-ਬਧ ਹਨ ।

5. ਉਚਯ ਕੋਟੀ ਦੀ ਸ਼ਿਲਪ-ਵਿਗਿਆਨ ਸ਼ਕਤੀ ਦੀ ਗੋਸ਼ਟੀ ਦਾ ਅਨੁਮਾਨ ਹੈ ਕਿ ਉਤਮ-ਨਿਪੁੰਨ ਹਵਾ ਚੱਕੀਆਂ (ਵਿੰਡ-ਮਿਲਾਂ) ਜਿਹੜੀਆਂ ਕੇਵਲ, ਇਕ ਘੰਟਾ ਮੀਲ ਰਫਤਾਰ ਹਵਾ ਨਾਲ ਚਲਣਗੀਆਂ ਪਰ ਜਿਨ੍ਹਾਂ ਵਿਚ ਲੋੜ ਪੈਣ ਤੇ ਹਾਈਡਰੋਜਨ-ਸਪਲੀਮੈਂਟਰੀ ਬਾਲਣ (ਸ਼ਕਤੀ) ਵਜੋਂ ਵਰਤੀ ਜਾਏਗੀ । ਲੋੜ ਤੋਂ ਵਾਧੂ ਬਚਦੀ ਸ਼ਕਤੀ, ਪਾਣੀ ਨੂੰ ਪਾੜਨ ਅਥਵਾ ਪਾਣੀ ਦੇ ਅੰਸ਼-ਤੱਤਾਂ (ਹਾਈਡਰੋਜਨ) ਤੇ ਆਕਸੀਜਨ) ਵਿਚ ਮੁੜ ਤਬਦੀਲ ਕਰਕੇ, ਧਰਤੀ ਹੇਠਾਂ ਸਾਂਭ ਰਾਖਵੀਂ ਸਟੋਰ ਕੀਤੀਆਂ ਜਾਣਗੀਆਂ ਤਾਂਕਿ ਕਠਨ ਲੋੜ ਸਮੇਂ ਵਰਤੀਆਂ ਜਾ ਸਕਣਗੀਆਂ ।

6. ਬ੍ਰਾਇਨ-ਓ-ਲੀਅਰੀ ਪਹਿਲੇ ਐਸਟ੍ਰੋਨੌਟ ਨੇ ਆਖਿਆ ਕਿ ਪੁਲਾੜੀ ਖੇਤੀ ਬਾੜੀ ਏਸ ਧਰਤੀ ਤੇ ਪੈਣ ਵਾਲੀ ਕਾਲ-ਸਮੱਸਿਆ ਦਾ ਹਲ ਕਰ ਸਕਦੀ ਹੈ । ਉਹ ਕਹਿੰਦਾ, ਫਸਲਾਂ ਤੇ ਪਸ਼ੂ ਪੁਲਾੜ ਵਿਚ ਪਾਲੇ ਜਾ ਸਕਦੇ ਹਨ । ਏਸ ਯੋਜਨਾ ਤੇ ਥੋੜੇ ਜਿਹੇ ਸੈਂਕੜੇ ਬਿਲੀਅਨ ਡਾਲਰ ਖਰਚਾ ਆਵੇਗਾ ਪਰ ਇਸਦਾ ਮੁਆਵਜ਼ਾ ਹਜ਼ਾਰਾਂ ਗੁਣਾਂ ਵੱਧ ਆ ਸਕਦਾ ਹੈ ।

ਬਾਕੀ ਪੰਨਾ 14 ਤੇ


ਕੈਲਗਰੀ ਵਿਚ
ਨਰੀਨ ਐਨ. ਮਲਿਕ

NARIN N. MALIK
LAWYER

ਨਵਾਂ ਐਡਰੈਸ :

NARIN N. MALIK, LAWYER
903, 805 - 8th Ave. S.W.
Calgary - ALTA T2P 1H7
Phone: 232-6535/6536



ਖੁਸ਼ਖਬਰੀ! ਐਬਟਸਫੋਰਡ ਵਿਚ ਨਵੀਂ ਏਜੰਸੀ ਖੁਸ਼ਖਬਰੀ!

CENTRAL VALLEY
INSURANCE AGENCIES LTD.

Autoplan
AUTHORIZED AGENT

ਇਨਸ਼ੋਰੈਂਸ ਦਾ ਜਿਥੇ ਕਿਧਰੇ ਵੀ
ਸਵਾਲ ਉਠੇ, ਫੌਰਨ ਸਾਡੀ
ਸਲਾਹ ਲਵੋ



Harjinder S. Deol
BUSINESS MANAG. & ADMIN

For your Insurance Needs:
Such as:
- Auto Insurance
- Home Owners
- Farms Insurance
- Commercial
- Business

ਜੇ ਤੁਸੀਂ ਘਰ, ਫਾਰਮ, ਕਾਰ, ਘਰ ਦਾ ਸਮਾਨ, ਦੁਕਾਨ, ਬਿਜ਼ਨਸ ਜਾਂ ਹੋਰ ਕਿਸੇ ਚੀਜ਼ ਦਾ ਇਨਸ਼ੋਰੈਂਸ ਕਰਵਾਉਣਾ ਹੋਵੇ ਤਾਂ ਸਾਨੂੰ ਮਿਲੋ ਜਾਂ ਫੋਨ ਕਰੋ ਅਸੀਂ ਤੁਹਾਨੂੰ ਫਰੀ ਐਸਟੀਮੇਟ ਤੇ ਲੋੜੀਂਦੀ ਸਲਾਹ ਵੀ ਦੇਵਾਂਗੇ ।

Please Contact:
HARJINDER SINGH DEOL
ਹਰਜਿੰਦਰ ਸਿੰਘ ਦਿਓਲ
Bus: 852-9252
Res. 826-2368

107 - 33119 South Fraser Way, Abbotsford, B.C.
(Next to old Gurudwara). V2S 2B1

ਪੰਨਾ 13 ਦੀ ਬਾਕੀ

7 ਵਾਸ਼ਿਗਟਨ ਡੀ. ਸੀ. ਦਾ ਚਾਰਲਸ ਚੇਫਰ, ਪਬਲਿਕ ਅਫੇਅਰਜ਼ ਕਨਸਲਟੈਂਟ ਕਹਿੰਦਾ, ਬੇਸ਼ੱਕ ਦੇਸ਼ ਵਿਚ ਕਈ ਐਂਟੀ-ਸਪੇਸ ਸਿਟੀਜ਼ਨ ਸੁਸਾਇਟੀਆਂ ਬਣ ਚੁਕੀਆਂ ਹਨ ਤੇ ਓਹ ਯੂ. ਐਸ. ਪੁਲਾੜੀ ਪਰੋਗਰਾਮ ਦੀ ਵਿਰੋਧਤਾ ਦਾ ਵਖਾਵਾ ਕਰ ਰਹੇ ਹਨ ਪਰ ਇਹ ਪਰੋਗਰਾਮ ਚਲਦਾ ਹੀ ਜਾਵੇਗਾ ਤਾਂਕਿ ਰੂਸ ਵਾਲੇ ਮੋਹਰੇ ਨਾ ਨਿਕਲ ਜਾਣ।

8 ਟੈਲੀਵੀਯਨ-ਫੜੂ ਇਕ ਉਪ-ਗ੍ਰਹਿ ਜਿਹੜਾ ਛਤਰੀ ਵਾਂਗ ਇਕੱਠਾ ਕਰਕੇ ਕੱਛੇ ਮਾਰਿਆ ਜਾ ਸਕਦਾ ਹੈ ਅਤੇ ਜਿਸਦਾ ਵਜ਼ਨ ਸਿਰਫ 35 ਪੌਂਡ ਸੀ ਅਤੇ ਮੁੱਲ ਕੇਵਲ 3995 ਡਾਲਰ, ਏਸ ਕਾਨਫਰੰਸ ਵਿਚ ਵਖਾਵੇ ਵਜੋਂ ਰਖਿਆ ਹੋਇਆ ਸੀ।

9 ਲੌਰੈਂਸ ਡੀ ਬਿਵਰੋਟ, ਮਾਈਕਰੋ ਈਲੈਕਟ੍ਰੌਨਿਕ ਐਕਸਪਰਟ ਅਤੇ ਬਾਈਔਲੋਜਿਸਟ ਕਹਿੰਦਾ, ਕਿ ਮਨੁੱਖੀ ਜਿਸਮ ਲਈ, ਨਾਕਾਰਾ ਅੰਗਾਂ ਨੂੰ, ਆਖਰ ਬਹਾਲ ਦਿਤੇ ਜਾਣਾ ਸੰਭਵ ਹੋ ਗਿਆ ਹੈ। ਇਹ ਮਸਨੂਈ ਬਣਾਉਣ ਦੀ ਬਜਾਏ, ਸੈਲ-ਮਾਸਿਜ਼ (ਕੋਸ਼ਾਣੂ) ਤੋਂ ਉਪਜਾਏ ਜਾਣਗੇ। ਓਹ ਕਹਿੰਦਾ, ਮਰੀਜ਼ ਦੇ ਸਰੀਰਕ ਸੈਲਾਂ ਤੋਂ ਨਾੜਾਂ ਉਗਾਣੀਆਂ ਤਾਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਮੁੜ ਸਰੀਰ ਵਿਚ ਪਾਈਆਂ ਵੀ ਜਾ ਚੁਕੀਆਂ ਹਨ। ਇਹ ਸਿਆਣਾਂ ਹਵਾਈ-ਸ਼ਕਤੀ ਲਹਿਰਾਂ ਨੂੰ ਮੁੜ ਬਲਾਉਣ ਦੀ ਖੋਜ ਵਿਧੀ ਤੇ ਲਗਾ ਹੋਇਆ ਹੈ, ਤਾਂਕਿ ਧਰਤੀ ਤੇ ਵਾਪਰੀ ਹਰ ਘਟਨਾ ਨੂੰ ਚਾਹੇ ਉਹ ਸੱਜਰੀ ਹੋਵੇ ਜਾਂ ਪੁਰਾਣੀ, ਮੁੜ ਸੁਣਿਆ-ਦੇਖਿਆ ਜਾ ਸਕੇ। ਤੁਹਾਨੂੰ ਪਤਾ ਲਗ ਸਕੇਗਾ ਕਿ ਕਿਸੇ ਐਨ-ਬੋਲੀਨ ਨੇ ਆਪਣੀ ਜ਼ਿੰਦਗੀ ਵਿਚ ਕਿਸੇ ਖਾਸ ਦਿਨ ਕਾਹਦਾ ਬਰੇਕਫਾਸਟ ਕੀਤਾ ਸੀ ਅਥਵਾ ਕੀ ਖਾਧਾ ਸੀ ਅਤੇ ਓਹ ਉਦੋਂ ਕੀ ਸੋਚ ਰਹੀ ਸੀ।

ਭਵਿਖ ਵਿਚ ਕਾਲੇ ਬੱਦਲ ਛਾਏ ਦਿਸਦੇ ਹਨ ਕਿਉਂ ਜੋ ਮਨੁੱਖੀ-ਪਖ ਇਨ੍ਹਾਂ ਸਾਰੇ, ਉਚ ਆਦਰਸ਼ਾਂ ਵਿਚ ਲੱਤਾਂ ਆ ਅੜਾਉਂਦਾ ਹੈ। ਕਾਨਫਰੰਸ ਵਿਚ ਭਾਗ ਲੈਂਦੇ ਆਸ਼ਾ-ਵਾਦੀ ਵੀ ਮੰਨਦੇ ਹਨ ਕਿ ਦੁਨੀਆਂ ਵਿਚ ਕਈ ਥਾਂ ਵਧ ਰਿਹਾ, ਕੌਮ ਪ੍ਰਸਤ ਅਨਸਰ, ਮਨੁੱਖਤਾ ਨੂੰ, ਰਾਜਨੀਤਕ ਭੇੜ ਵਲ ਲਜਾ ਰਿਹਾ ਹੈ ਅਤੇ ਰਾਜਨੀਤਕ ਵਖਰੇਵੇਂ ਸੌਖੇ ਹੀ ਜੰਗ ਦੀ ਸ਼ਕਲ ਅਖਤਿਆਰ ਕਰ ਸਕਦੇ ਹਨ।

ਨਿਰਾਸ਼ਾ-ਵਾਦੀਆਂ ਦੀ ਕਾਫੀ ਸਮਾਂ ਹੋਰ ਵਿਸ਼ਿਆਂ ਤੇ ਜਿਹੜੇ ਦੁਨੀਆਂ ਵਿਚ ਖਿਚਾਉ ਪੈਦਾ ਕਰ ਰਹੇ ਹਨ ਬਹਿਸ ਕਰਦਿਆਂ ਲਾਇਆ ਧਰਤੀ ਵਿਚ ਕੋਇਲੇ ਆਦਿ ਦੱਬੇ ਬਾਲਣ ਦੀ ਘਾਟ, ਕੁਦਰਤੀ ਸਾਧਨਾਂ, ਜਿਵੇਂ ਕਿ ਜੰਗਲਾਤ ਅਤੇ ਖੇਤੀਬਾੜੀ ਭੋਇੰ ਦਾ ਫੌਰਨ ਮੁੱਕਦੇ ਜਾਣਾ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਦਾ, ਪ੍ਰਫੁਲਤ ਦੇਸ਼ਾਂ ਦੀ ਵਿਅਰਥ-ਸੁਟ ਲੈਹਰ ਬੈਹਰ, ਬਾਰੇ ਗੁੱਸਾ ਆਦਿ। ਤੀਜੀ ਦੁਨੀਆਂ ਦੇਸ਼ਾਂ ਅਤੇ ਪ੍ਰਫੁਲਤ ਦੇਸ਼ਾਂ ਦੇ ਰਹਿਣ-ਸਹਿਣ ਦੇ ਆਪਸੀ ਪਾੜੇ ਤੇ ਕਾਫੀ ਚਿਰ ਗਲਬਾਤ ਹੋਈ, ਜਿਵੇਂ ਕਿ ਥਰਡ-ਵਰਲਡ ਦੇਸ਼ਾਂ ਦੀ ਸਾਲਾਨਾ ਉਪਜ-ਦਰ 150 ਡਾਲਰ ਦੇ ਮੁਕਾਬਲੇ, ਕੈਨੇਡਾ ਦੇ ਮਜ਼ਦੂਰ ਦੀ ਇਕ ਹਫਤੇ ਦੀ ਹੈ ਅਤੇ ਕੈਨੇਡਾ ਵਾਸੀਆਂ ਦੀ ਔਸਤ ਉਮਰ 70 ਸਾਲ ਹੈ ਜਦ ਕਿ ਈਥੀਓਪੀਆ ਦੇਸ਼ ਦੀ 40 ਤੋਂ ਵੀ ਘੱਟ ਹੈ।

ਜਨ ਸੰਖਿਆ ਅਥਵਾ ਆਬਾਦੀ ਬਾਰੇ, ਦੋਵੇਂ ਚੰਗੀਆਂ ਮੰਦੀਆਂ ਵਾਰਤਾਵਾਂ ਸਨ। ਚੰਗੀ ਤੇ ਇਹ ਕਿ ਆਬਾਦੀ ਦਾ ਬੜ੍ਹਾਵਾ ਸੰ: 1960 ਦੇ ਮੁਕਾਬਲੇ 1-8 ਪ੍ਰਤੀਸ਼ਤ ਘੱਟ ਰਿਹਾ ਹੈ ਪਰ ਏਸ ਘਟ ਰਹੇ ਦਰ ਮੁਤਾਬਕ ਵੀ ਦੁਨੀਆਂ ਦੀ ਆਬਾਦੀ ਵਧ ਰਹੀ ਹੈ। ਅਜ ਦੁਨੀਆਂ ਦੀ ਆਬਾਦੀ ਸਾਢੇ ਚਾਰ ਬਿਲੀਅਨ ਅਰਥਾਤ ਸਾਢੇ ਚਾਰ ਅਰਬ ਹੈ ਅਤੇ ਸੰ: 2000 ਤੱਕ ਹੋ ਸਕਦਾ ਹੈ, ਇਹ ਸਾਢੇ ਛੇ ਅਰਬ ਹੋ ਜਾਵੇ।

# ਪੰਜਾਬੀ ਲੋਕ ਅਤੇ ਕੇਂਦਰ ਸਰਕਾਰ

'ਸੂਫੀ' ਅਮਰਜੀਤ

ਪੰਜਾਬ ਵਿਚ ਰਹਿਣ ਦੇ ਸਮੇਂ ਦੌਰਾਨ, ਜਿਥੇ ਹੋਰਨਾਂ ਵਿਸ਼ਿਆਂ ਉਪਰ ਵੱਖੋ ਵੱਖ ਲੋਕਾਂ ਨਾਲ ਗੱਲਾਂਬਾਤਾਂ ਹੋਈਆਂ, ਉਥੇ ਉਨ੍ਹਾਂ ਤੋਂ ਜਦੋਂ ਕੇਂਦਰ ਦੀ ਕਾਂਗਰਸ ਸਰਕਾਰ ਸੰਬੰਧੀ ਸਵਾਲ ਪੁਛੇ ਜਾਂਦੇ ਤਾਂ ਉਨ੍ਹਾਂ ਦਾ ਕੁਲ ਮਿਲਾ ਕੇ ਇਹੋ ਪ੍ਰਭਾਵ ਜਾਂਦਾ ਸੀ ਕਿ ਉਹ 'ਸਿਧੇ ਤੌਰ ਤੇ' ਪੰਜਾਬ ਦੀ ਸਥਿਤੀ ਬਾਰੇ ਕੇਂਦਰ ਤੇ ਅਤਿਵਾਦੀਆਂ ਨੂੰ ਹੀ ਦੋਸ਼ੀ ਠਹਿਰਾਉਂਦੇ ਸਨ। ਇਹ ਗੱਲ ਉਨ੍ਹਾਂ ਅਮਲੀ ਤੌਰ ਉਪਰ ਵੀ ਠੀਕ ਹੀ ਕਰ ਦਿਖਾਈ ਜਦੋਂ ਚੋਣਾਂ ਦੇ ਦੌਰਾਨ ਉਨ੍ਹਾਂ ਦੋਵਾਂ ਨੂੰ ਹੀ ਰੱਦ ਕਰ ਦਿਤਾ ਸੀ।

ਇਸ ਸਥਿਤੀ ਦਾ ਦੂਜਾ ਪੱਖ ਇਹ ਵੀ ਅਖੋਂ ਉਹਲੇ ਕੀਤਾ ਜਾਣ ਵਾਲਾ ਨਹੀਂ ਸੀ ਕਿ ਪੰਜਾਬ ਸਮਝੌਤੇ ਦੀ ਪ੍ਰਾਪਤੀ ਦਾ ਸਿਹਰਾ ਲੋਕਾਂ ਅਕਾਲੀ ਦਲ ਦੇ ਸਿਰ ਬੰਨ੍ਹਿਆ। ਅਕਾਲੀ ਇਸ ਨੂੰ ਆਪਣੀ ਜਿੱਤ ਸਮਝ ਕੇ ਚੋਣਾਂ ਸਮੇਂ ਤੇ ਮਗਰੋਂ ਪਰਚਾਰਦੇ ਰਹੇ। ਦੂਜੇ ਪਾਸੇ ਕਾਂਗਰਸ ਪਾਰਟੀ ਪੰਜਾਬ ਸਮਝੌਤੇ ਨੂੰ ਉਨ੍ਹਾਂ ਦੇ ਨਵੇਂ ਲੀਡਰ ਸ੍ਰੀ ਰਾਜੀਵ ਗਾਂਧੀ ਵਲੋਂ, ਪੰਜਾਬ ਨੂੰ ਬਖਸ਼ੀ ਦਾਤ ਵਜੋਂ ਪੇਸ਼ ਕਰਦੀ ਸੀ, ਜਦੋਂ ਕਿ ਪ੍ਰਧਾਨ ਮੰਤਰੀ ਨੇ ਇਸ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਜਿੱਤ ਕਿਹਾ ਸੀ।

ਪੰਜਾਬ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਮਿਥੀਆਂ ਤਾਰੀਖਾਂ ਅਤੇ ਸਮੇਂ ਉਪਰ ਕੇਂਦਰ ਵਲੋਂ ਪੂਰੇ ਨਾ ਉਤਰਨ ਉਤੇ ਸਮੁੱਚੇ ਪੰਜਾਬੀਆਂ ਵਲੋਂ ਕੇਂਦਰ ਵਿਰੁੱਧ ਰੋਸ ਤੇ ਗੁੱਸਾ ਤਾਂ ਪੈਦਾ ਹੋਣਾ ਸੀ, ਬਲਕਿ ਦੇਸ਼ ਭਰ ਵਿਚ ਹੀ ਕਾਂਗਰਸ ਪਾਰਟੀ ਦੇ ਝੂਠੇ ਕਿਰਦਾਰ ਬਾਰੇ ਚਿਰਾਂ ਤੋਂ ਬਣੇ ਆਉਂਦੇ ਯਕੀਨ ਉਪਰ ਚੰਗੇ ਹੋਣ ਦੀ ਸ਼ੱਕ ਨਵੇਂ ਪ੍ਰਧਾਨ ਮੰਤਰੀ ਦੇ ਕੁਝ ਕੰਮਾਂ ਤੇ ਐਲਾਨਨਾਮਿਆਂ ਕਾਰਨ ਪੈਦਾ ਹੋਈ ਸੀ, ਉਹ ਧੂੰਦ ਵਾਂਗ ਚੁੱਕੀ ਗਈ।

ਚੰਡੀਗੜ੍ਹ ਦਾ ਮਿਥੇ ਸਮੇਂ ਉਪਰ ਪੰਜਾਬ ਦੇ ਹਵਾਲੇ ਨਾ ਕਰਨਾ ਅਤੇ ਬੇਲੋੜਾ ਮੈਥਿਊ ਕਮਿਸ਼ਨ ਖੜਾ ਕਰਕੇ ਮੁੜ ਤੋਂ ਸਥਿਤੀ ਵਿਗਾੜਨ ਲਈ ਯੋਗਦਾਨ ਦੇਣਾ ਤਾਂ ਹੈ ਹੀ ਸੀ, ਪ੍ਰਧਾਨ ਮੰਤਰੀ ਦਾ ਨਿਜੀ ਤੌਰ ਤੇ ਵਕਾਰ ਸਮੁੱਚੇ ਦੇਸ਼ ਦੇ ਲੋਕਾਂ ਦੀਆਂ ਅੱਖਾਂ ਚੋਂ ਡਿਗਿਆ ਹੈ।

ਇਹੋ ਹੀ ਨਹੀਂ, ਅਜਿਹਾ ਕਰਕੇ ਹਾਕਮ ਪਾਰਟੀ ਨੇ ਬਿਲਕੁਲ ਹੇਠਾਂ ਲਹਿ ਚੁੱਕੇ ਵੱਖਵਾਦੀਆਂ ਨੂੰ ਮੁੜ ਕੇ ਸਹਿਕਦੇ ਕਰ ਦਿਤਾ, ਉਨ੍ਹਾਂ ਨੂੰ ਪੰਜਾਬ ਦੀ ਅਕਾਲੀ ਸਰਕਾਰ ਵਿਰੁੱਧ ਪਰਚਾਰਨ ਲਈ ਮਸਾਲਾ ਦੇ ਕੇ, ਲੋਕਾਂ ਵਿਚ ਭੈੜਾ ਪ੍ਰਭਾਵ ਦੇਣ ਦੀ ਸਥਿਤੀ ਵਿਚ ਖੜਾ ਕਰ ਦਿਤਾ ਹੈ ਕਿਉਂਕਿ ਸਮਝੌਤੇ ਦੇ ਵਿਰੋਧੀ ਜਦੋਂ ਸਮਝੌਤੇ ਦਾ ਵਿਰੋਧ ਕਰਦੇ ਸਨ ਤਾਂ ਉਹ ਉਨ੍ਹਾਂ ਤਿੰਨਾ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ, ਜਿਨ੍ਹਾਂ ਵਿਚੋਂ ਇਕ ਨੂੰ ਉਨ੍ਹਾਂ ਪਹਿਲਾਂ ਹੀ ਕਤਲ ਕਰ ਦਿਤਾ ਹੈ ਅਤੇ ਦੂਜੇ ਦੋ ਅਜੋਕੀ ਅਕਾਲੀ ਸਰਕਾਰ ਦੇ ਮੋਹਰੀ ਹਨ। ਇਸ ਤਰ੍ਹਾਂ ਇਨ੍ਹਾਂ ਦੋਵਾਂ ਦੀ ਸਥਿਤੀ ਨੂੰ ਖਰਾਬ ਬਣਾਉਣ ਵਿਚ ਹਿਸਾ ਪਾਇਆ ਹੈ। ਕੀ ਇਹ ਕੇਂਦਰੀ ਉਚ ਅਧਿਕਾਰੀਆਂ ਦੀ ਸਲਾਹ ਉਪਰ ਕੀਤਾ ਗਿਆ ਹੈ ਜਾਂ ਸਰਕਾਰ ਦੇ ਆਗੂਆਂ ਦਾ ਰਾਜਨੀਤਕ ਫੈਸਲਾ ਹੈ ਜਿਸ ਨਾਲ ਅਕਾਲੀ ਸਰਕਾਰ ਨੂੰ ਲੋਕਾਂ ਵਿਚ ਮਕਬੂਲ ਬਣਨ ਤੋਂ ਰੋਕਿਆ ਜਾਵੇ ਅਤੇ ਵੱਖਵਾਦੀਆਂ ਨੂੰ ਉਤਸ਼ਾਹਤ ਕਰਕੇ ਪੰਜਾਬ ਸਰਕਾਰ ਅਗੇ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਜਾਣ। ਜੇ ਇਨ੍ਹਾਂ ਉਦੇਸ਼ਾਂ ਨੂੰ ਲੈ ਕੇ ਅਜਿਹਾ ਕੀਤਾ ਗਿਆ ਹੈ ਤਾਂ ਕੀ ਇਹ ਬਲੂ ਸਟਾਰ ਐਕਸ਼ਨ ਸਮੇਂ ਵਾਲੀ ਹਾਲਤ ਪੈਦਾ ਕਰਨ ਦੇ ਰਾਹ ਤੁਰਨਾ ਨਹੀਂ ਹੈ?

ਮਾਰਕਸੀ ਪਾਰਟੀ ਦੀ ਪੋਲਟਬਿਊਰੋ ਨੇ ਕੇਂਦਰੀ ਸਰਕਾਰ ਦੇ ਵਲੋਂ ਧਾਰਨ ਕੀਤੇ ਅਜਿਹੇ ਵਤੀਰੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਸੀ ਅਤੇ ਮੰਗ ਕੀਤੀ ਸੀ ਕਿ ਚੰਡੀਗੜ੍ਹ ਪੰਜਾਬ ਦੇ ਤੁਰਤ ਹਵਾਲੇ ਕਰਕੇ ਬਾਕੀ ਸਮਝੌਤੇ ਨੂੰ ਮਿਥੀ ਮਿਆਦ ਅਨੁਸਾਰ ਲਾਗੂ ਕਰਕੇ ਇਸ ਮੌਜੂਦਾ ਹਾਲਾਤ ਨੂੰ ਖਤਮ ਕੀਤਾ ਜਾਵੇ, ਕਿਉਂਕਿ ਇਸ ਨਾਲ ਦੇਸ਼ ਦੀ ਅਖੰਡਤਾ ਨੂੰ ਖਤਰੇ ਵਿਚ ਪੈਣ ਦਾ ਡਰ ਹੈ। ਦੇਸ਼ ਭਰ ਦੀਆਂ ਹੋਰਨਾਂ ਵਿਰੋਧੀ ਪਾਰਟੀਆਂ ਸਮੇਤ ਪੰਜਾਬ ਦੇ ਕਾਂਗਰਸੀਆਂ ਵੀ ਇਹੋ ਹੀ ਮੰਗ ਕੀਤੀ ਹੈ।

ਪੰਜਾਬ ਦੇ ਲੋਕ ਪੰਜਾਬ ਵਿਚ ਅਮਨ ਦਾ ਮਾਹੌਲ ਦੇਖਣ ਦੀ ਤੀਬਰਤਾ ਨਾਲ ਇੱਛਾ ਕਰਦੇ ਹਨ। ਜੋ ਵੀ ਅਜਿਹਾ ਅਮਨ ਕਾਇਮ ਹੋਣ ਦੇ ਰਾਹ ਵਿਚ ਕੰਡੇ ਖਿਡਾਉਂਦਾ ਹੈ, ਉਹ ਉਸ ਨੂੰ ਆਪਣਾ ਵੱਡਾ ਵੈਰੀ ਸਮਝਦੇ ਹਨ। ਇਹ ਪੰਜਾਬੀ ਲੋਕਾਂ ਦੀ ਸਦੀਆਂ ਪੁਰਾਣੀ ਰਵਾਇਤ ਹੀ ਹੈ ਕਿ ਉਨ੍ਹਾਂ ਪੰਜਾਬ ਵਿਚ ਫਿਰਕੂ ਅਮਨ ਕਾਇਮ ਰੱਖਿਆ ਹੈ, ਪੰਜਾਬ ਦੇ ਕਮਿਊਨਿਸਟਾਂ ਅਤੇ ਹੋਰ ਜਮਹੂਰੀ ਅਨਸਰਾਂ, ਜੋ ਹਜ਼ਾਰਾਂ ਦੀ ਗਿਣਤੀ ਵਿਚ ਨਿੱਕੇ-ਵੱਡੇ ਜਲਸੇ ਕਰਕੇ, ਅਮਨ ਕਮੇਟੀਆਂ ਬਣਾ ਕੇ, ਹਿੰਦੂ-ਸਿਖ ਏਕਤਾ ਕਮੇਟੀਆਂ ਰਾਹੀਂ ਪੰਜਾਬ ਦੀਆਂ ਘੱਟ ਗਿਣਤੀਆਂ ਨੂੰ ਹੌਂਸਲਾ ਦਿਤਾ ਹੈ, ਉਸ ਦੀ ਪ੍ਰਸ਼ੰਸਾ ਤੁਸੀਂ ਉਨ੍ਹਾਂ ਕੋਲੋਂ, ਪੰਜਾਬ ਦੇ ਕਿਸੇ ਕੋਨੇ ਵਿਚ ਵੀ ਸੁਣ ਸਕਦੇ ਹੋ। ਭਵਿਖ ਵਿਚ ਪੰਜਾਬ ਦੇ ਲੋਕ ਆਪਣੇ ਹਮਦਰਦਾਂ ਅਤੇ ਦੋਖੀਆਂ ਵਿਚ ਨਿਖੇੜਾ ਕਰਕੇ ਪੱਕੀ ਏਕਤਾ ਉਸਾਰਨ ਦੇ ਸਮਰਥ ਹੋ ਸਕਣਗੇ।

(ਬਾਕੀ ਅਗਲੇ ਅੰਕ ਵਿਚ)

ਉੜ ਗਏ ਪੰਛੀ ਵਿਚਾਰੇ, ਬਿਰਖ ਸਹਿਮੇ ਨੇ ਖੜ
ਖ਼ੌਫ ਪਲ ਪਲ ਵਧ ਰਿਹਾ ਏ, ਅੱਗ ਦੇ ਤੂਫਾਨ ਦਾ

ਹਿਰਸ ਦਾ ਪਾਣੀ ਸਿਰਾਂ ਦੇ ਉਪਰੋਂ ਦੀ ਲੰਘਿਆ
ਕਿਸ ਘੜੀ ਚਾਰਾ ਕਰਾਂਗੇ, ਡੁੱਬਦੇ ਈਮਾਨ ਦਾ


"ਸ਼ਹੀਦੋਂ ਕੀ ਚਿਤਾਓ ਪਰ ਲਗੇਂਗੇ ਹਰ ਬਰਸ ਮੇਲੇ"

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਵਿਲੀਅਮਜ਼ਲੇਕ ਬਰਾਂਚ ਵਲੋਂ

## ਰਾਜਗੁਰੂ, ਭਗਤ ਸਿੰਘ ਤੇ ਸੁਖਦੇਵ

# ਸ਼ਹੀਦੀ ਦਿਵਸ

**ਈਸਟ ਇੰਡੀਅਨ ਵਰਕਰਜ਼ ਐਸੋ: ਦੀ ਇਹ ਮੀਟਿੰਗ ਸਨਿਚਰਵਾਰ 22 ਮਾਰਚ, 1986 ਨੂੰ 2 ਵਜੇ ਸ਼ਾਮ ਐਲਕਸ ਹਾਲ ਵਿਚ ਹੋ ਰਹੀ ਹੈ ਜਿਸ ਵਿਚ**

**ਕਲਚਰਲ ਪ੍ਰੋਗਰਾਮ**

**ਦੇ ਨਾਲ ਨਾਲ ਹੇਠ ਲਿਖੇ ਮਸਲੇ ਵੀ ਵਿਚਾਰੇ ਜਾਣਗੇ**



- ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਦੇਣ
- ਭਾਰਤੀਆਂ ਲਈ ਇੰਮੀਗਰੇਸ਼ਨ ਦਾ ਮਸਲਾ
- ਭਾਰਤੀ ਵੀਜ਼ਾ
- ਸੰਸਾਰ ਅਮਨ ਨੂੰ ਪ੍ਰਮਾਣੂ ਹਥਿਆਰਾਂ ਤੋਂ ਖਤਰਾ

ਹੋਰ ਜਾਣਕਾਰੀ ਲਈ ਹੇਠ ਲਿਖੇ ਪ੍ਰਬੰਧਕਾਂ ਤੋਂ ਪਤਾ ਕਰੋ:

ਰਣਜੀਤ ਸਿੰਘ ਸੰਧੂ - ਫੋਨ: 392-7405 ਅਮਰਜੀਤ ਸਿੰਘ ਸੰਘੇੜਾ ਅਮਰੀਕ ਸਿੰਘ ਖੇਰਾ
ਤਰਸੇਮ ਭੰਡਾਲ

**ਹੋਰ ਬੁਲਾਰੇ :**

- ਲੇਬਰ ਕੌਂਸਲ ਦੇ ਮਿਸ ਕ੍ਰਿਸਟੀਨ ਸਲਿਟਰ ਅਤੇ ਜੌਹਨ ਡਰਿਸਲਰ
- ਅਮਨ ਕਮੇਟੀ ਵਲੋਂ ਨਾਰਮਨ ਡੱਫ

**ਮੁੱਖ ਬੁਲਾਰਾ : ਦੇਸ਼ ਭਗਤ ਕਾ: ਜਰਨੈਲ ਸਿੰਘ ਭੁੰਗਰਾਨੀ ਅਤੇ ਈਸਟ ਇੰਡੀਅਨ ਵਰਕਰਜ਼ ਦੇ ਹੋਰ ਬੁਲਾਰੇ**

# ਪੰਜਾਬ ਸਮਝੌਤੇ ਦੇ ਸਵਾਲ 'ਤੇ ਹਰਿਆਣਾ ਕਾਂਗਰਸ 'ਚ ਮਤਭੇਦ

ਚੰਡੀਗੜ੍ਹ — ਹਰਿਆਣਾ ਕਾਂਗਰਸ (ਇ) ਲੀਡਰਸ਼ਿਪ ਵਿਚਕਾਰ ਕੇਂਦਰ-ਅਕਾਲੀ ਸਮਝੌਤੇ ਨੂੰ ਲੈ ਕੇ ਮਤਭੇਦ ਖੜ੍ਹੇ ਹੋ ਗਏ ਹਨ। ਇਨ੍ਹਾਂ ਵਿਚੋਂ ਕੁਝ ਆਗੂਆਂ ਦੀ ਰਾਏ ਹੈ ਕਿ ਜਦੋਂ ਤਕ ਕੇਂਦਰ-ਅਕਾਲੀ ਸਮਝੌਤੇ ਵਿਚੋਂ ਧਾਰਾ 7 ਅਤੇ 9 ਨੂੰ ਖਤਮ ਨਹੀਂ ਕੀਤਾ ਜਾਂਦਾ ਉਦੋਂ ਤਕ ਹਰਿਆਣਾ ਨੂੰ ਇਨਸਾਫ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਆਗੂਆਂ ਵਲੋਂ ਕੇਂਦਰ-ਅਕਾਲੀ ਸਮਝੌਤੇ ਵਿਰੁੱਧ ਉਠਾਈ ਜਾ ਰਹੀ ਆਵਾਜ਼ ਦੀ ਸ਼ਰ੍ਹੇਆਮ ਹਮਾਇਤ ਕੀਤੀ ਜਾ ਰਹੀ ਹੈ।

ਕਾਂਗਰਸ (ਇ) ਪ੍ਰਧਾਨ ਸ੍ਰੀ ਬਰਿੰਦਰ ਸਿੰਘ ਅਤੇ ਮੁੱਖ ਮੰਤਰੀ ਭਜਨ ਲਾਲ ਵੀ ਸਮਝੌਤੇ ਨੂੰ ਲਾਗੂ ਕਰਨ ਦੀ ਭਾਵਨਾ ਨਾਲ ਇਕਸੁਰ ਨਹੀਂ ਹਨ। ਦੋਹਾਂ ਵਲੋਂ ਹੀ ਇਕ ਦੂਜੇ ਵਿਰੁੱਧ 'ਸੂਖਮ ਬਿਆਨਬਾਜ਼ੀ' ਕੀਤੀ ਜਾ ਰਹੀ ਹੈ। ਹਰਿਆਣਾ ਪਾਰਟੀ ਦੇ ਪ੍ਰਧਾਨ ਸ੍ਰੀ ਬਰਿੰਦਰ ਸਿੰਘ ਇਹ ਸਮਝਦੇ ਹਨ ਕਿ ਇਸ ਵੇਲੇ ਅਬੋਹਰ ਅਤੇ ਫਾਜ਼ਿਲਕਾ ਨਾਲੋਂ ਵੀ ਪਾਣੀਆਂ ਦਾ ਮਸਲਾ ਵਧੇਰੇ ਅਹਿਮੀਅਤ ਰਖਦਾ ਹੈ ਰਾਜ ਦੀ ਸਮੁੱਚੀ ਕਿਸਾਨੀ ਦੇ ਹਿੱਤ ਪਾਣੀਆਂ ਨਾਲ ਬੱਝੇ ਹੋਏ ਹਨ। ਪਾਰਟੀ ਪ੍ਰਧਾਨ ਇਹ ਸਮਝਦੇ ਹਨ ਕਿ ਰਾਜ ਵਿਚ ਵਿਰੋਧੀ ਪਾਰਟੀਆਂ ਨੇ ਵੀ ਇਸ ਵੇਲੇ ਮੁੱਖ ਰੂਪ ਵਿਚ ਪਾਣੀਆਂ ਦਾ ਮੁੱਦਾ ਚੁਕਿਆ ਹੋਇਆ ਹੈ। ਚੌਧਰੀ ਦੇਵੀ ਲਾਲ ਪਾਣੀ ਦਾ ਨਾਅਰਾ ਦੇ ਕੇ ਕਿਸਾਨੀ ਵਿਚ ਦਿਨੋਂ ਦਿਨ ਆਪਣੇ ਪੈਰ ਜਮਾ ਰਹੇ ਹਨ। ਵਿਰੋਧੀ ਧਿਰ ਨੇ ਭਾਵੇਂ ਅਬੋਹਰ ਅਤੇ ਫਾਜ਼ਿਲਕਾ ਦਾ ਮਾਮਲਾ ਛੱਡਿਆ ਨਹੀਂ ਪ੍ਰੰਤੂ ਆਉਂਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਕਿਸਾਨੀ ਨੂੰ ਨਾਲ ਲੈਣ ਲਈ ਉਨ੍ਹਾਂ ਵਲੋਂ ਕਿਸਾਨਾਂ ਵਿਚ ਪਾਣੀ ਨਾ ਮਿਲਣ ਦਾ ਪਰਚਾਰ ਕੀਤਾ ਜਾ ਰਿਹਾ ਹੈ ਇਸ ਪਰਚਾਰ ਦਾ ਸਰਕਾਰੀ ਧਿਰ ਤਾਂ ਹੀ "ਮੂੰਹ ਬੰਦ" ਕਰ ਸਕਦੀ ਹੈ ਜੇਕਰ ਸਮਝੌਤੇ ਅਧੀਨ ਹਰਿਆਣਾ ਵਧੇਰੇ ਪਾਣੀ ਲੈਣ ਵਿਚ ਸਫਲ ਹੋ ਜਾਂਦਾ ਹੈ।

ਸ੍ਰੀ ਬਰਿੰਦਰ ਦੀ ਰਾਏ ਹੈ ਕਿ ਬੇਸ਼ੱਕ ਅਬੋਹਰ ਅਤੇ ਫਾਜ਼ਿਲਕਾ ਹਰਿਆਣਾ ਨੂੰ ਨਾ ਵੀ ਮਿਲੇ ਪ੍ਰੰਤੂ ਪਾਣੀ ਹਰ ਹਾਲਤ ਵਿਚ ਪ੍ਰਾਪਤ ਹੋਣਾ ਚਾਹੀਦਾ ਹੈ। ਇਸ ਮੁੱਦੇ ਦੇ ਸਿਰੇ ਚੜ੍ਹਨ ਨਾਲ ਵੀ ਪੰਜਾਬ ਸਮਝੌਤਾ ਲਾਗੂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਸੀ ਕਿ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਸਮੇਂ ਸਿਰ ਮੁਕੰਮਲ ਹੋਣ ਬਾਰੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਾਰਟੀ ਪ੍ਰਧਾਨ ਇਸ ਗੱਲ ਦੇ ਹੱਕ ਵਿਚ ਹਨ ਕਿ ਪੰਜਾਬ ਵਿਚ ਸ਼ਾਂਤੀ ਕਾਇਮ ਕਰਨ ਲਈ ਕੇਂਦਰ-ਅਕਾਲੀ ਸਮਝੌਤਾ ਮੁਕੰਮਲ ਰੂਪ ਵਿਚ ਲਾਗੂ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰਿਆਣਾ ਨੂੰ 3.5 ਐਮ. ਐਫ. ਰਾਵੀ-ਬਿਆਸ ਦਾ ਪਾਣੀ ਦੇਣ ਬਾਰੇ ਕੇਂਦਰ ਭਰੋਸਾ ਦੇਵੇ। ਕੇਂਦਰ ਨੂੰ ਲਿੰਕ ਨਹਿਰ ਦੀ ਉਸਾਰੀ ਵੀ ਆਪਣੇ ਹੱਥ ਵਿਚ ਲੈਣੀ ਚਾਹੀਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਾਕੀ ਮਸਲੇ ਦੋਵੇਂ ਰਾਜਾਂ ਦੇ ਮੁੱਖ ਮੰਤਰੀ ਸਾਂਝੀ ਮੀਟਿੰਗ ਕਰ ਕੇ ਨਜਿੱਠ ਲੈਣ।

# ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਗੁਰਦੁਆਰਾ ਬਣੇ

ਅੰਮ੍ਰਿਤਸਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਮੰਗ ਕੀਤੀ ਹੈ ਕਿ ਹਿੰਦੂ ਯੂਨੀਵਰਸਿਟੀ ਵਾਰਾਣਸੀ, ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਂਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਂਪਸ ਵਿਚ ਗੁਰਦੁਆਰੇ ਦੀ ਉਸਾਰੀ ਕੀਤੀ ਜਾਵੇ।

ਯੂਨੀਵਰਸਿਟੀ ਕੈਂਪਸ ਦੀ ਅਡਹਾਕ ਯੂਨਿਟ ਦੀ ਅਡਹਾਕ ਕਮੇਟੀ ਨੇ ਰਾਜ ਦੇ ਰਾਜਪਾਲ, ਯੂਨੀਵਰਸਿਟੀ ਦੇ ਚਾਂਸਲਰ, ਮੁੱਖ ਮੰਤਰੀ, ਸਿਖਿਆ ਮੰਤਰੀ ਅਤੇ ਯੂਨੀਵਰਸਿਟੀ ਦੇ ਸਾਰੇ ਮੁਖੀਆਂ ਦੇ ਨਾਂ ਭੇਜੇ ਮੰਗ ਪੱਤਰ ਵਿਚ ਇਹ ਮੰਗ ਉਠਾਈ ਹੈ। ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਯੂਨੀਵਰਸਿਟੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਣ ਲਈ ਕਾਇਮ ਕੀਤੀ ਗਈ ਸੀ ਪਰ ਸੰਦੇਸ਼ ਘਰ ਘਰ ਤਾਂ ਕੀ ਪਹੁੰਚਾਉਣਾ ਸੀ ਯੂਨੀਵਰਸਿਟੀ ਕੈਂਪਸ ਦੇ ਵਿਅਕਤੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਤਕ ਵੀ ਨਹੀਂ ਪਹੁੰਚਾਇਆ ਜਾ ਸਕਿਆ। ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਯੁਵਕ ਗੁਰਦੁਆਰਾ ਨਾ ਹੋਣ ਕਾਰਨ ਪੱਛਮੀ ਸਭਿਆਚਾਰ ਵਲ ਭੱਜ ਰਹੇ ਹਨ।

---

ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਖੁੱਲ੍ਹੇ ਤੌਰ ਤੇ ਤਾਂ ਕਿਧਰੇ ਵੀ ਇਹ ਸਵੀਕਾਰ ਨਹੀਂ ਕੀਤਾ ਕਿ ਪਾਰਟੀ ਵਿਚ ਸਮਝੌਤੇ ਬਾਰੇ ਮਤਭੇਦ ਹਨ ਪ੍ਰੰਤੂ ਉਹ ਇਹ ਕਹਿੰਦੇ ਹਨ ਕਿ ਕੇਵਲ ਪਾਣੀਆਂ ਉਤੇ ਜ਼ੋਰ ਦੇਣਾ ਹਰਿਆਣਾ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਤਲੁਜ-ਯਮਨਾ ਲਿੰਕ ਨਹਿਰ ਹੁਣ ਵੀ ਜੰਗੀ ਪੱਧਰ ਉਤੇ ਪੁੱਟੀ ਜਾਵੇ ਤਾਂ ਵੀ 15 ਅਗਸਤ ਤਕ ਮੁਕੰਮਲ ਨਹੀਂ ਹੋ ਸਕਦੀ। ਇਸ ਲਈ ਹਰਿਆਣਾ ਨੂੰ ਪਾਣੀ ਆਉਣ ਵਿਚ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਪੰਜਾਬ ਤਾਂ ਪਾਣੀ ਦੇਣ ਨਹੀ ਤਿਆਰ ਨਹੀਂ ਹੈ ਇਸ ਲਈ ਰਾਜ ਦੇ ਲੋਕਾਂ ਦੀਆਂ ਭਾਵਨਾਵਾਂ ਕੇਵਲ ਇਸ ਬਿੰਦੂ ਉਤੇ ਹੀ ਕੇਂਦਰਤ ਕਰਨਾ ਉਚਿਤ ਨਹੀਂ ਹੋਵੇਗਾ। ਮੁਖ ਮੰਤਰੀ ਇਹ ਸਮਝਦੇ ਹਨ ਕਿ ਕੋਈ ਠੋਸ ਨਤੀਜਾ ਨਿਕਲਣਾ ਮੁਸ਼ਕਲ ਹੈ।

ਕਾਂਗਰਸ (ਇ) ਦੇ ਹੀ ਇਕ ਸੀਨੀਅਰ ਨੇਤਾ ਬਨਾਰਸੀ ਦਾਸ ਗੁਪਤਾ ਸ਼ਰੇਆਮ ਵਿਰੋਧੀ ਧਿਰ ਦੇ 23 ਮਾਰਚ ਦੇ ਹਰਿਆਣਾ ਸੰਮੇਲਨ ਦੀ ਹਮਾਇਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਰਤਮਾਨ ਸਮਝੌਤੇ ਨੂੰ ਲਾਗੂ ਕਰਨ ਨਾਲ ਹਰਿਆਣਾ ਨੂੰ ਇਨਸਾਫ ਨਹੀਂ ਮਿਲ ਸਕਦਾ। ਉਨ੍ਹਾਂ ਦੀ ਰਾਏ ਹੈ ਕਿ ਜਿਹੜੇ ਲੋਕ ਸਮਝੌਤੇ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨਾ ਚਾਹੁੰਦੇ ਹਨ ਉਹ ਹਰਿਆਣਾ ਦੇ ਹਿੱਤਾਂ ਦੀ ਰੱਖਿਆ ਨਹੀਂ ਕਰ ਸਕਦੇ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਅਤੇ ਅਸੈਂਬਲੀ ਨੇ ਸਮਝੌਤੇ ਦਾ ਸਵਾਗਤ ਕਰ ਕੇ ਗਲਤੀ ਕੀਤੀ ਹੈ। ਜਦੋਂ ਪਾਣੀ ਹੀ ਨਹੀਂ ਤਾਂ ਲਿੰਕ ਨਹਿਰ ਪੁੱਟਣ ਦੀ ਕੀ ਲੋੜ ਹੈ।

# ਫਿਕੀ ਫਿਕੀ ਹੋ ਗਈ ਜਗਰਾਵਾਂ ਦੀ ਰੌਸ਼ਨੀ

ਜਗਰਾਵਾਂ — ਪਿਛਲੇ ਅੱਠ ਦਹਾਕਿਆਂ ਤੋਂ ਜਗਰਾਵਾਂ ਵਿਚ ਹਜ਼ਰਤ ਮੋਹਕਮ-ਉਦ-ਦੀਨ ਦੀ ਦਰਗਾਹ ਸ਼ਰੀਫ ਉਤੇ ਲੱਗਣ ਵਾਲਾ ਮੇਲਾ, "ਜਗਰਾਵਾਂ ਦੀ ਰੌਸ਼ਨੀ" ਪੰਜਾਬ ਦੇ ਮਸ਼ਹੂਰ ਮੇਲਿਆਂ 'ਚੋਂ ਗਿਣਿਆ ਜਾਂਦਾ ਸੀ ਲੋਕ-ਗੀਤਾਂ ਵਿਚ ਵੀ ਇਸ ਮੇਲੇ ਦਾ ਜ਼ਿਕਰ ਸੀ — "ਵਿਚ ਜਗਰਾਵਾਂ ਦੇ ਲਗਦੀ ਰੌਸ਼ਨੀ ਭਾਰੀ।" ਪਰ ਵਰਤਮਾਨ ਸਮੇਂ ਵਿਚ ਮੇਲਾ ਰੌਸ਼ਨੀ ਅਤੀਤ ਦੇ ਪਰਛਾਵੇਂ ਵਿਚ ਗੁਆਚ ਗਿਆ ਜਾਪ ਰਿਹਾ ਹੈ।

ਜਗਰਾਉਂ ਵਿਚ ਐਤਕੀਂ 24,25 ਤੇ 26 ਫਰਵਰੀ ਨੂੰ ਮੇਲਾ ਰੌਸ਼ਨੀ ਸਮਾਪਤ ਹੋ ਗਿਆ। ਬਹੁਤ ਘੱਟ ਗਿਣਤੀ ਵਿਚ ਲੋਕਾਂ ਨੇ ਮੇਲੇ ਵਿਚ ਸ਼ਿਰਕਤ ਕੀਤੀ। ਐਤਕੀਂ ਕੇਵਲ ਜਲੰਧਰ ਤੇ ਕਪੂਰਥਲਾ ਜ਼ਿਲਿਆਂ ਦੇ ਹੀ ਸ਼ਰਧਾਲੂ ਸ਼ਾਮਲ ਹੋ ਸਕੇ ਜਦ ਕਿ ਪਿਛਲੇ ਵਰ੍ਹਿਆਂ ਵਿਚ ਪਾਕਿਸਤਾਨ, ਦਿੱਲੀ, ਕਲਕੱਤਾ, ਬੰਗਾਲ, ਉਤਰ ਪ੍ਰਦੇਸ਼ ਤੇ ਪੰਜਾਬ ਭਰ ਵਿਚੋਂ ਲੱਖਾਂ ਦੀ ਸੰਖਿਆ ਵਿਚ ਲੋਕ ਇਸ ਦਰਗਾਹ ਸ਼ਰੀਫ ਦੀ ਜ਼ਿਆਰਤ ਕਰਦੇ ਸਨ ਪ੍ਰੰਤੂ ਪੰਜਾਬ ਵਿਚ ਕੁੜੱਤਣ ਤੇ ਡਰ ਸਹਿਮ ਵਾਲਾ ਵਾਤਾਵਰਣ ਹੋਣ ਕਰਕੇ ਸ਼ਰਧਾਲੂ ਬਹੁਤੀ ਗਿਣਤੀ ਵਿਚ ਨਹੀਂ ਆਏ।

ਮੇਲਾ ਉਸ ਸਮੇਂ ਹੋਰ ਵੀ ਬੇਰੌਣਕਾ ਹੋ ਕੇ ਰਹਿ ਗਿਆ ਜਦੋਂ ਮੇਲਾ ਆਰੰਭ ਹੋਣ ਤੋਂ ਪਹਿਲਾਂ ਹੀ ਸਥਾਨਕ ਅਧਿਕਾਰੀਆਂ ਵਲੋਂ ਮੇਲੇ ਵਿਚ ਆਈ ਹੋਈ ਸਰਕਸ ਤੇ ਹੋਰ ਖੇਡ ਤਮਾਸ਼ਾ ਵਿਖਾਉਣ ਵਾਲੀਆਂ ਕੰਪਨੀਆਂ ਨੂੰ ਇਕ ਹੁਕਮ ਰਾਹੀਂ ਆਪਣਾ ਪਰੋਗਰਾਮ ਵਿਖਾਉਣ ਉਤੇ ਰੋਕ ਲਾ ਦਿਤੀ। ਇਸ ਦੇ ਪ੍ਰਤੀਕਰਮ ਵਜੋਂ ਪਾਲਿਕਾ ਨੂੰ ਹੋਣ ਵਾਲੀ ਆਮਦਨ ਵਿਚ ਵੀ ਭਾਰੀ ਕਮੀ ਆਈ। ਵੱਖ ਵੱਖ ਰਾਜਸੀ ਪਾਰਟੀਆਂ ਵਲੋਂ ਹੋਣ ਵਾਲੀਆਂ ਕਾਨਫਰੰਸਾਂ ਨੂੰ ਵੀ ਆਗਿਆ ਨਾ ਮਿਲਣ ਕਰਕੇ ਮੁਲਤਵੀ ਕਰਨਾ ਪਿਆ।

ਪੰਜਾਬ ਦੇ ਲੋਕ ਗਾਇਕਾਂ ਅਥਵਾ ਢੱਡ ਸਾਰੰਗੀ ਤੇ ਦੁਤਾਰੇ, ਅਲਗੋਜੇ ਨਾਲ ਗਾਉਣ ਵਾਲੇ ਕਲਾਕਾਰਾਂ ਨੂੰ ਵੀ ਗਾਉਣ ਤੋਂ ਰੋਕਿਆ ਗਿਆ ਸੀ ਕਿ ਉਹ ਇਕੱਠ ਕਰਕੇ ਆਪਣਾ ਪਰੋਗਰਾਮ ਨਾ ਪੇਸ਼ ਕਰਨ ਕਿਉਂਕਿ ਇੰਜ ਹੋਣ ਨਾਲ ਕੋਈ ਅਣਸੁਖਾਵੀਂ ਘਟਨਾ ਦੇ ਵਾਪਰਨ ਦੀ ਸ਼ੰਕਾ ਹੈ।

ਸੁਰੱਖਿਆ ਦੇ ਕਰੜੇ ਪ੍ਰਬੰਧਾਂ ਹੇਠ ਮੇਲੇ ਦੇ ਪ੍ਰਮੁਖ ਅਸਥਾਨ ਦਰਗਾਹ ਸ਼ਰੀਫ ਉਤੇ ਆਏ ਹੋਏ ਸ਼ਰਧਾਲੂਆਂ ਨੇ ਆਪਣੀ ਸ਼ਰਧਾ ਵਜੋਂ ਹਾਜ਼ਰੀ ਭਰੀ ਤੇ ਆਪਣੇ ਵਲੋਂ ਮੰਨੀਆਂ ਹੋਈਆਂ ਨਿਆਜ਼ਾਂ ਭੇਟਾ ਕੀਤੀਆਂ।

ਜਗਰਾਵਾਂ ਦੀ ਰੌਸ਼ਨੀ ਐਤਕੀਂ ਫਿਕੀ ਫਿਕੀ ਜਾਪ ਰਹੀ ਸੀ ਕਿਉਂਕਿ ਯੁਵਕਾਂ ਤੇ ਮੁਟਿਆਰਾਂ ਦੀਆਂ ਟੋਲੀਆਂ ਮੇਲੇ ਵਿਚੋਂ ਅਲੋਪ ਹੋ ਚੁੱਕੀਆਂ ਸਨ। ਪੰਜਾਬ ਦਾ ਵਿਰਸਾ "ਜਗਰਾਵਾਂ ਦੀ ਰੌਸ਼ਨੀ" ਇਕ ਭੁੱਲੀ ਵਿਸਰੀ ਯਾਦ ਬਣ ਗਈ ਹੈ ਜੋ ਹੁਣ ਪੰਜਾਬ ਦੀਆਂ ਲੋਕ-ਬੋਲੀਆਂ ਵਿਚ ਹੀ ਕਦੇ ਕਦੇ ਆਪਣੇ ਪ੍ਰਮਾਣੀਕ ਬਹੁ-ਰੰਗ ਪੇਸ਼ ਕਰ ਸਕੇਗੀ।

ਵਿਯੋਗ ਜਗਰਾਨਵੀ


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

**ਆਓ ਅਸੀਂ ਤੁਹਾਡੀ ਮੱਦਦ ਕਰੀਏ ਜਿਵੇਂ ਅਸੀਂ 1946 ਤੋਂ ਕਰਦੇ ਆ ਰਹੇ ਹਾਂ !**

**ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ**

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ, ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ। ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਤੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਨਾ ਹੋਏ ਹੋਣ ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿੱਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ ਤਾਂ ਅਸੀਂ ਕਾਨੂੰਨੀ ਤੌਰ ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ

**ਮਲਕੀਤ ਸਿੰਘ ਪਰਹਾਰ**

**OFF.(604)733-1644**

**Res. 228-0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ। ਜੇਕਰ ਤੁਸੀਂ ਆਪਣਾ ਬਿਜ਼ਨਿਸ ਵਧਾ ਰਹੇ ਹੋ ਤੇ ਉਸ ਵਿਚ ਮੱਦਦ ਕਰਨ ਲਈ ਆਪਣੇ ਕਿਸੇ ਰਿਸ਼ਤੇਦਾਰ ਜਾਂ ਸਬੰਧੀ ਨੂੰ ਸੱਦਣਾ ਚਾਹੁੰਦੇ ਹੋ ਤਾਂ ਉਸਨੂੰ ਤੁਸੀਂ ਇੰਮੀਗਰੈਂਟ ਤੌਰ ਉਤੇ ਸੱਦ ਸਕਦੇ ਹੋ। ਉਸਦੇ ਬਾਰੇ ਸਾਡੇ ਕੋਲੋਂ ਪੁਛਗਿਛ ਕਰ ਸਕਦੇ ਹੋ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਈਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਈਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸੇ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹ ਜ਼ਮੀਨ ਕਿਵੇਂ ਵੇਚ ਸਕਦੇ ਹੋ ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਤੁਸੀਂ ਆਪਣੇ ਮੰਗੇਤਰ ਲਈ ਅਰਜ਼ੀ ਭਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਕਿਸ ਕਿਸ documents (ਕਾਗਜ਼ਾਂ) ਦੀ ਲੋੜ ਹੈ — ਉਹ ਅਸੀਂ ਤੁਹਾਨੂੰ ਦੱਸ ਸਕਦੇ ਹਾਂ।
- ਜੇ ਤੁਹਾਡਾ ਕੋਈ ਕਿਸੇ ਇੰਮੀਗਰੈਂਟ ਰਿਸ਼ਤੇਦਾਰ ਦੀ ਮਨਿਆਦ ਲੰਘ ਗਈ ਹੋਵੇ ਉਹ ਵਾਪਸ ਕੈਨੇਡਾ ਕਿਵੇਂ ਆ ਸਕਦਾ ਹੈ — ਤੁਸੀਂ ਸਾਥੋਂ ਪੁੱਛ ਪੜਤਾਲ ਕਰ ਸਕਦੇ ਹੋ।
- ਜੇ ਤੁਹਾਨੂੰ ਜਨਮ, ਸਕੂਲ, ਵਿਆਹ, ਡਾਈਵੋਰਸ ਜਾਂ ਹੋਰ ਕਿਸੇ ਤਰ੍ਹਾਂ ਦੇ ਸਰਟੀਫਿਕੇਟ ਜਾਂ documents ਦੀ ਲੋੜ ਹੋਵੇ ਤਾਂ ਉਹ ਅਸੀਂ ਇੰਡੀਆ ਤੋਂ ਬਣਵਾ ਜਾਂ ਕੱਢਵਾ ਕੇ ਦੇ ਸਕਦੇ ਹਾਂ।

*World-Wide Immigration To Canada and U.S.A. Ltd.*

# ਸਾਡੇ ਵਾਰਸ

ਗੁਰਬਖ਼ਸ਼ ਸਿੰਘ

## ਲਾਇਕ ਬੱਚੇ

ਕਿਸੇ ਮਨੁੱਖ ਲਈ ਸਭ ਤੋਂ ਵੱਡੀ ਤਸੱਲੀ ਉਸ ਦਾ ਲਾਇਕ ਬੱਚਾ ਹੈ।

ਕੁਦਰਤ ਦੀ ਪੜਤਾਲ ਕੀਤਿਆਂ ਵੀ ਇਹੀ ਦ੍ਰਿੜ੍ਹ ਹੁੰਦਾ ਹੈ ਕਿ ਕੁਦਰਤ ਸਿਵਾਏ ਨਸਲੀ ਵਾਧੇ ਦੀ ਕਿਸੇ ਹੋਰ ਵੱਡੇ ਤੋਂ ਵੱਡੇ ਕਾਰਨਾਮੇ ਵਿਚ ਵੀ ਦਿਲਚਸਪੀ ਨਹੀਂ ਰਖਦੀ। ਸਗੋਂ ਹਰੇਕ ਮਨੁੱਖ-ਕ੍ਰਿਤ ਨੂੰ ਨੇਸਤ ਕਰਨ ਦਾ ਜਤਨ ਕਰਦੀ ਹੈ। ਗਿਰਜੇ, ਮੰਦਰ, ਮਕਬਰੇ ਤੇ ਯਾਦਾਂ, ਸਭ ਨੂੰ ਹਸਤੀ ਦੇ ਵਰਕੇ ਤੋਂ ਮਿਟਾ ਦੇਂਦੀ ਹੈ।

ਪਰ ਚੰਗੇਰੀ ਨਸਲ ਇਸ ਦੀ ਇੱਕੋ ਲਗਨ ਹੈ। ਬ੍ਰਿਛਾਂ, ਪਸ਼ੂਆਂ, ਪੰਛੀਆਂ, ਮਨੁੱਖਾਂ ਸਭ ਦੀ ਨਸਲੀ ਤਰੱਕੀ ਲਈ ਜ਼ਮੀਨ ਅਸਮਾਨ ਗਰਦਸ਼ ਕਰਦੇ ਆਖੇ ਜਾ ਸਕਦੇ ਹਨ।

ਕੁਦਰਤ ਵਾਂਗ ਮਨੁੱਖ ਵੀ ਆਪਣੇ ਬੱਚੇ ਦੀ ਲਿਆਕਤ ਦਾ ਤਾਂਘੀ ਹੁੰਦਾ ਹੈ। ਲਗਪਗ ਸਾਰੇ ਮਾਪੇ ਆਪਣੇ ਬੱਚਿਆਂ ਦੀ ਚੰਗੀ ਹੋਣੀ ਲਈ ਬਹੁਤ ਕੁਝ ਕੁਰਬਾਨ ਕਰ ਸਕਦੇ ਹਨ।

ਉੱਨਤ ਮੁਲਕਾਂ ਵਿਚ ਪੜਤਾਲ ਕੀਤੀ ਜਾ ਰਹੀ ਹੈ ਕਿ ਜਿਹੜੇ ਬੱਚੇ ਲਾਇਕ ਬਣ ਰਹੇ ਜਾਂ ਬਣ ਗਏ ਹਨ, ਉਹਨਾਂ ਦੀ ਲਿਆਕਤ ਨੂੰ ਕਿਨ੍ਹਾਂ ਗੱਲਾਂ ਨੇ ਮੱਦਦ ਦਿੱਤੀ ਹੈ।

ਜਿਹੜੀ ਗੱਲ ਇਸ ਪੜਤਾਲ ਵਿਚੋਂ ਪ੍ਰਤੱਖ ਹੋਈ ਹੈ, ਉਹ ਇਹ ਹੈ, ਕਿ 90 ਫੀ ਸਦੀ ਲਾਇਕ ਬੱਚੇ ਉਹ ਹਨ, ਜਿਨ੍ਹਾਂ ਨੂੰ ਲਾਇਕ ਬਣਾਨ ਵਿਚ ਕੋਈ ਨਾ ਕੋਈ ਸਨੇਹੀ, ਮਾਤਾ, ਪਿਤਾ, ਭੈਣ, ਭਰਾ ਜਾਂ ਦੋਸਤ ਡੂੰਘੀ ਦਿਲਚਸਪੀ ਲੈ ਰਿਹਾ ਹੈ।

ਇਸ ਸਨੇਹੀ ਦਾ ਕੰਮ ਇਹ ਹੁੰਦਾ ਹੈ ਕਿ ਬੱਚੇ ਦੀ ਲਿਆਕਤ ਨੂੰ ਟੂੰਬੇ, ਉਸ ਵਿਚ ਚੰਗੀ ਹੋਣੀ ਦਾ ਅਹਿਸਾਸ ਪੈਦਾ ਕਰੇ, ਜਿੱਤ ਹਾਰ ਦੋਹਾਂ ਮੌਕਿਆਂ ਉਤੇ, ਦਿਲ ਵਧਾਵੇ, ਉਸ ਦੀ ਉੱਨਤੀ ਦਾ ਨਾਪ ਕਰਦਾ ਰਹੇ, ਉਸ ਦੇ ਇਮਤਿਹਾਨਾਂ ਦੀਆਂ ਰੀਪੋਰਟਾਂ ਵੇਖੇ, ਉਸ ਦੀਆਂ ਲੋੜਾਂ ਭਾਵੇਂ ਸਾਰੀਆਂ ਪੂਰੀਆਂ ਨਾ ਵੀ ਕਰ ਸਕੇ ਪਰ ਸਭ ਲੋੜਾਂ ਤੋਂ ਜਾਣੂ ਹੋਵੇ ਤੇ ਜਿਹੜੀ ਲੋੜ ਪੂਰੀ ਨਾ ਕਰ ਸਕੇ ਉਸ ਲਈ ਪੂਰੀ ਹਮਦਰਦੀ ਰਖੇ।

ਬਹੁਤੇ ਮਾਪੇ ਇਹੀ ਉਮੈਦ ਰਖਦੇ ਹਨ ਕਿ ਉਹ ਸਕੂਲਾਂ ਨੂੰ ਫੀਸਾਂ ਦੇਂਦੇ ਹਨ, ਤੇ ਸਕੂਲ ਉਹਨਾਂ ਦੇ ਬੱਚਿਆਂ ਨੂੰ ਲਾਇਕ ਬਣਾਨ ਲਈ ਜ਼ਿੰਮੇਂਵਾਰ ਹਨ। ਪਰ ਕੋਈ ਸਕੂਲ, ਬੱਚੇ ਦੇ ਸਨੇਹੀ ਦੀ ਸਹਾਇਤਾ ਬਿਨਾਂ, ਕਿਸੇ ਬੱਚੇ ਨੂੰ ਉਚੇਚਾ ਲਾਇਕ ਨਹੀਂ ਬਣਾ ਸਕਦਾ। ਇਮਤਿਹਾਨਾਂ ਵਿਚ ਚੰਗਾ ਦਰਜਾ ਭਾਵੇਂ ਕਈ ਬੱਚੇ ਬਿਨਾਂ ਸਨੇਹੀਆਂ ਦੀ ਮਦਦ ਦੇ ਵੀ ਲੈ ਸਕਣ, ਪਰ ਜ਼ਿੰਦਗੀ ਵਿਚ ਮੁੱਲ ਪੁਆਣ ਵਾਲੀ ਲਿਆਕਤ ਲਈ ਕਿਸੇ ਸਨੇਹੀ ਦੀ ਸਦਾ ਜਾਗਦੀ ਦਿਲਚਸਪੀ ਲੋੜੀਂਦੀ ਹੈ।

ਜੇ ਦੋਵੇਂ ਧਿਰਾਂ, ਮਾਤਾ ਤੇ ਪਿਤਾ, ਬੱਚਿਆਂ ਦੀ ਸਮੁੱਚੀ ਜ਼ਿੰਦਗੀ ਵਿਚ ਧਿਆਨ ਦੇ ਸਕਣ ਤਾਂ ਬਹੁਤ ਚੰਗੀ ਗੱਲ, ਨਹੀਂ ਤਾਂ ਇਕ ਧਿਰ ਨੂੰ ਇਹ ਧਿਆਨ ਆਪਣੇ ਫਰਜ਼ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਜਿਹੜੇ ਮਾਪੇ ਧਿਆਨ ਨਹੀਂ ਦੇਂਦੇ, ਉਹਨਾਂ ਦੇ ਬੱਚੇ ਉਹਨਾਂ ਨੂੰ ਭੁਲੇਖੇ ਵਿਚ ਰਖ ਕੇ ਆਪਣਾ ਬਹੁਤ ਸਾਰਾ ਨੁਕਸਾਨ ਕਰ ਲੈਂਦੇ ਤੇ ਓੜਕ ਮਾਪਿਆਂ ਦੀ ਨਿਰਾਸਤਾ ਦਾ ਕਾਰਣ ਬਣਦੇ ਹਨ ਬੱਚੇ ਦੇ ਸਨੇਹੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੱਚੇ ਦਾ ਵਜ਼ਨ ਕਿਸ ਤਰ੍ਹਾਂ ਜਾ ਰਿਹਾ ਹੈ, ਉਹ ਸਕੂਲ ਵਿਚ ਖੁਸ਼ ਹੈ ਜਾਂ ਉਦਾਸ, ਉਸ ਦੇ ਖਾਸ ਸ਼ੌਕ ਕੀ ਹਨ, ਉਹ ਕਿਸੇ ਨੂੰ ਚਿੱਠੀਆਂ ਲਿਖਦਾ ਹੈ, ਉਹ ਕਾਹਦੇ ਵਿਚ ਬਹੁਤ ਸਿਆਣਾ ਹੈ, ਉਸ ਸਿਆਣਪ ਨੂੰ ਹੋਰ ਵਧਾਣ ਵਿਚ ਕੀ ਕੁਝ ਕੀਤਾ ਜਾ ਸਕਦਾ ਹੈ ?

ਕਈਆਂ ਭੈਣ ਭਰਾਵਾਂ ਵਿਚ ਸ਼ੁਰੂ ਉਮਰ ਤੋਂ ਗ਼ਲਤ- ਫ਼ਹਿਮੀ ਪੈਣੀ ਸ਼ੁਰੂ ਹੋ ਜਾਂਦੀ ਹੈ — ਕਈ ਮਾਪੇ ਇਸ ਗ਼ਲਤ-ਫ਼ਹਿਮੀ ਨੂੰ ਅਨਜਾਣੇ ਵਧਾਣ ਦਾ ਵਸੀਲਾ ਬਣਦੇ ਹਨ, ਈਰਖਾਵਾਂ ਦਾ ਵੇਲੇ ਸਿਰ ਇਲਾਜ ਨਹੀਂ ਕਰਦੇ ਤੇ ਕਈ ਵਾਰੀ ਵਿਤਕਰੇ ਨਾਲ ਆਪ ਈਰਖਾ ਦੀ ਨੀਂਹ ਧਰਦੇ ਹਨ। ਕਈਆਂ ਘਰਾਂ ਵਿਚ ਕੋਈ ਬੱਚਾ ਆਪਣੇ ਭੈਣਾਂ ਭਰਾਵਾਂ ਦੇ ਸਲੂਕ ਤੋਂ ਸਦਾ ਨਿਰਾਸ ਰਹਿੰਦਾ ਤੇ ਮਰਨ-ਮਨਸੂਬੇ ਬਣਾਂਦਾ ਰਹਿੰਦਾ ਹੈ। ਮਾਪਿਆਂ ਨੂੰ ਇਹ ਕੁਝ ਵੇਖਣਾ ਚਾਹੀਦਾ ਹੈ। ਚੁੱਪ ਚੁਪਾਤੇ ਬੱਚਿਆਂ ਦੀ ਜ਼ਿੰਦਗੀ ਦਾ ਹਰ ਪਹਿਲੂ ਆਪਣੀ ਨਜ਼ਰ ਸਾਹਮਣੇ ਰਖਣਾ ਚਾਹੀਦਾ ਹੈ। ਹਰੇਕ ਬੱਚੇ ਦੀ ਮਾਨਸਿਕ ਅਵਸਥਾ ਦੇ ਮੁਤਾਬਕ ਉਸ ਨਾਲ ਵਰਤਾਓ ਕਰਨਾ ਚਾਹੀਦਾ ਹੈ।

ਜਦੋਂ ਸਕੂਲੋਂ ਰੀਪੋਰਟ ਆਵੇ, ਉਸ ਦੀ ਹਰ ਨਿੱਕੀ ਗੱਲ ਨੂੰ ਵੀ ਬੱਚੇ ਦੇ ਨਾਲ ਹੋ ਕੇ ਪੜ੍ਹਨਾ। ਜੇ ਉਹ ਰੀਪੋਰਟ ਖਰਾਬ ਹੈ, ਤਾਂ ਉਸ ਨੂੰ ਸ਼ਰਮਾਉਣਾ ਨਹੀਂ, ਉਸ ਨੂੰ ਮੱਦਦ ਭੇਟ ਕਰਨੀ, ਉਸ ਦੀ ਕਮਜ਼ੋਰੀ ਨੂੰ ਦੂਰ ਕਰਨ ਦਾ ਹਰ ਸੰਭਵ ਉਪਾ



ਸੋਚਣਾ।

ਮਾਪੇ ਤੇ ਉਸਤਾਦ ਜੇ ਮਿਲ ਵਰਤ ਕੇ ਬੱਚਿਆਂ ਦਾ ਭਵਿੱਖ ਬਣਾਨ ਤਾਂ ਦੁਨੀਆਂ ਵਿਚ ਲਾਇਕ ਆਦਮੀਆਂ ਦੀ ਗਿਣਤੀ ਬੜੀ ਵਧ ਜਾਏ। ਦੁਨੀਆਂ ਦਾ ਚੰਗਾ, ਮੰਦਾ, ਮੁਨਸਿਫ਼ ਜਾਂ ਬੇ-ਇਨਸਾਫ਼ ਹੋਣਾ, ਲੜਾਈ-ਪਸੰਦ ਹੋਣਾ ਜਾਂ ਅਮਨ-ਪਸੰਦ ਹੋਣਾ, ਇਸ ਗਿਣਤੀ ਉਤੇ ਕਾਫੀ ਨਿਰਭਰ ਰਖਦਾ ਹੈ।

ਉਹ ਮਾਪੇ ਗ਼ਲਤੀ ਉਤੇ ਹਨ ਜਿਹੜੇ ਆਪਣੇ ਬੱਚਿਆਂ ਦੇ ਹਰ ਔਗੁਣ ਦੀ ਜ਼ਿੰਮੇਂਵਾਰੀ ਉਸਤਾਦਾਂ ਉਤੇ ਲਾ ਕੇ ਆਪ ਸੁਰਖਰੂ ਰਹਿਣਾ ਚਾਹੁੰਦੇ ਹਨ, ਜਾਂ ਹਮੇਸ਼ਾਂ ਉਸਤਾਦਾਂ ਦੀ ਨੁਕਤਾਚੀਨੀ ਹੀ ਕਰਦੇ ਰਹਿੰਦੇ ਹਨ। ਬੱਚੇ ਦੀਆਂ ਰੁਚੀਆਂ ਛੇ ਸਾਲ ਦੀ ਉਮਰ ਵਿਚ ਹੀ ਬਣ ਜਾਂਦੀਆਂ ਹਨ, ਤੇ ਇਹਨਾਂ ਦੀ ਜ਼ਿੰਮੇਵਾਰੀ ਮਾਪਿਆਂ ਦੇ ਸਿਰ ਹੀ ਹੁੰਦੀ ਹੈ। ਉਸਤਾਦ ਮਾਪਿਆਂ ਦਾ ਸਹਾਇਕ ਹੈ ਉਸਤਾਦ ਨੂੰ ਆਪਣੇ ਬੱਚੇ ਦੀ ਖਾਤਰ ਹੀ ਚੰਗੀ ਤਰ੍ਹਾਂ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ। ਬੱਚੇ ਦੇ ਦਿਲ ਵਿਚ ਉਹਦੇ ਉਸਤਾਦ ਦੀ ਇਜ਼ਤ ਘਟਾਣ ਵਾਲੀ ਗੱਲ ਕਦੇ ਨਹੀਂ ਕਰਨੀ ਚਾਹੀਦੀ।

ਬੱਚੇ ਲਾਇਕ ਵੀ ਆਪਣੇ ਮਾਪਿਆਂ ਦੇ ਪਿਆਰ ਨਾਲ ਬਣਦੇ ਹਨ, ਤੇ ਵਿਗੜਦੇ ਵੀ ਆਪਣੇ ਮਾਪਿਆਂ ਦੀ ਬੇ-ਧਿਆਨੀ ਨਾਲ ਹਨ। ਜਿਨ੍ਹਾਂ ਦੇ ਬੱਚੇ ਰਿਹਾਇਸ਼ੀ ਸਕੂਲਾਂ ਵਿਚ ਪੜ੍ਹਦੇ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਕਦੇ ਕਦੇ ਉਨ੍ਹਾਂ ਦੀ ਰਹਿਣੀ ਜਾ ਕੇ ਵੇਖਣ, ਉਨ੍ਹਾਂ ਦੇ ਦੋਸਤਾਂ ਨੂੰ ਜਾ ਕੇ ਮਿਲਣ, ਉਸਤਾਦਾਂ ਨਾਲ ਖਿਆਲਾਂ ਦਾ ਵਟਾਂਦਰਾ ਕਰਨ। ਤੇ ਜਿਨ੍ਹਾਂ ਦੇ ਬੱਚੇ ਆਪਣੇ ਘਰੀਂ ਰਹਿ ਪੜ੍ਹਦੇ ਹਨ, ਉਹਨਾਂ ਨੂੰ ਰੋਜ਼ਾਨਾ ਵੇਖਣਾ ਚਾਹੀਦਾ ਹੈ ਕਿ ਬੱਚੇ ਕਦੋਂ ਉਠਦੇ ਹਨ ਉਹਨਾਂ ਦੇ ਪੜ੍ਹਨ ਵਾਲੇ ਕਮਰੇ ਵਿਚ ਕਦੇ ਕਦੇ ਜਾ ਕੇ ਉਨ੍ਹਾਂ ਦੀਆਂ ਕਾਪੀਆਂ ਕਿਤਾਬਾਂ ਉਤੇ ਨਜ਼ਰ ਮਾਰਨ ਨਾਲ ਬੜਾ ਲਾਭ ਪਹੁੰਚਦਾ ਹੈ।

ਗੱਲ ਕੀ ਜੋ ਕੁਝ ਵੀ ਬੱਚੇ ਕਰਦੇ ਹਨ, ਜਿਥੇ ਜਿਥੇ ਜਾਂਦੇ ਤੇ ਜਿਸ ਕਿਸੇ ਨੂੰ ਘਰ ਬੁਲਾਂਦੇ ਹਨ, ਬਿਨਾਂ ਪਹਿਰੇਦਾਰ ਜਾਪਣ ਦੇ, ਸਭ ਗੱਲਾਂ ਤੋਂ ਵਾਕਫ ਰਹਿਣਾ ਚਾਹੀਦਾ ਹੈ। ਬੱਚਿਆਂ ਨਾਲ ਕਦੇਂ ਕਦੇ ਖੇਡਣਾ, ਉਹਨਾਂ ਦੀ ਛੁੱਟੀ ਵਿਚ ਸ਼ਾਮਲ ਹੋਣਾ, ਉਹਨਾਂ ਨਾਲ ਸਿਨਿਮੇ ਜਾਂ ਬਾਹਰ ਖੁੱਲ੍ਹੀ ਥਾਵੇਂ ਖਾਣੇ ਖਾਣ ਤੇ ਖੇਡਣ ਮੱਲਣ ਲਈ ਜਾਣਾ, ਉਹਨਾਂ ਦੇ ਸਾਥੀਆਂ ਨੂੰ ਘਰ ਰੋਟੀ ਉਤੇ ਬੁਲਾਣਾ ਤੇ ਆਦਰ ਕਰਨਾ ਜ਼ਰੂਰੀ ਹੈ।

ਬਹੁਤ ਥੋੜੇ ਬੱਚੇ ਚੰਗੇ ਸ਼ਿਸ਼ਟਾਚਾਰੀ ਮਿਲਦੇ ਹਨ। ਕਾਰਣ ਇਹ ਹੈ ਕਿ ਮਾਪਿਆਂ ਨੇ ਸ਼ਿਸ਼ਟਾਚਾਰ ਨਹੀਂ ਸਿਖਿਆ। ਖਰਾਬ ਬੱਚੇ ਦੀ ਜ਼ਿੰਮੇਵਾਰੀ ਮਾਪਿਆਂ ਦੇ ਸਿਰੋਂ ਨਹੀਂ ਉਤਰ ਸਕਦੀ।

ਲਾਇਕ ਬੱਚੇ ਬਣਾਨ ਲਈ ਬੱਚਿਆਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ, ਸਤਿਕਾਰ ਬਿਨਾਂ ਕੋਈ ਸਖਸ਼ੀਅਤ ਨਹੀਂ ਬਣ ਸਕਦੀ, ਬੱਚਿਆਂ ਦਾ ਕਿਸੇ ਦੇ ਸਾਹਮਣੇ ਨਿਰਾਦਰ ਕਰਨਾ ਤੇ ਉਹਨਾਂ ਨੂੰ ਤਾਨ੍ਹੇ ਮਿਹਣੇ ਦੇ ਕੇ ਸ਼ਰਮਾਣਾਂ ਬੜਾ ਭਾਰਾ ਜੁਰਮ ਹੈ, ਜਿਹੜਾ ਮੁਆਫ਼ ਕਰਨਾ ਔਖਾ ਹੈ। ਕਿਉਂਕਿ ਜਿੰਨੀ ਬੇ-ਸ਼ਰਮੀ, ਢੀਠਤਾਈ ਤੇ ਬੇ-ਆਬਰੋਈ ਦੁਨੀਆਂ ਵਿਚ ਹੈ, ਸਭ ਉਹਨਾਂ ਮਾਪਿਆਂ ਦੀ ਕ੍ਰਿਤ ਹੈ ਜਿਨ੍ਹਾਂ ਆਪਣੇ ਧੀਆਂ ਪੁੱਤਰਾਂ ਦੀ ਸ਼ਖਸ਼ੀਅਤ ਦਾ ਆਦਰ ਨਹੀਂ ਕੀਤਾ — ਉਹਨਾਂ ਨੂੰ ਗਾਲ੍ਹਾਂ ਦਿੱਤੀਆਂ, ਝਿੜਕਿਆ, ਝਾੜਿਆ ਤੇ ਛੋਟੀ ਉਮਰ ਵਿਚ ਸ਼ਰਮਾਇਆ ਤੇ ਤਾਨ੍ਹੇ ਦਿੱਤੇ ਹਨ। ਇਸ ਪਹਿਲੂ ਵਿਚ ਮਾਵਾਂ ਬਹੁਤ ਕਸੂਰ ਕਰਦੀਆਂ ਹਨ। "ਮਾਂ ਦੀਆਂ ਗਾਲ੍ਹਾਂ ਨੂੰ ਘਿਓ ਦੀਆਂ ਨਾਲਾਂ" ਆਖ ਕੇ ਭੁੱਲ ਜਾਂਦੀਆਂ ਹਨ, ਪਰ ਉਹਨਾਂ ਨੂੰ ਪਤਾ ਨਹੀਂ, ਇਹਨਾਂ ਘਿਓ ਦੀਆਂ ਨਾਲਾਂ ਨੇ ਕਿੰਨੀਆਂ ਹੋਣਹਾਰ ਜਿੰਦਾਂ ਦੇ ਲਹੂ ਵਿਚ ਵਿਸ ਰਲਾਈ ਹੈ।

ਖਾਸ ਤੌਰ ਉਤੇ ਲਾਇਕ ਇੰਜੀਨੀਅਰ, ਲਿਖਾਰੀ, ਸਾਇੰਸਦਾਨ, ਈਜਾਦਾਂ ਕਰਨ ਵਾਲੇ, ਕਲਾਕਾਰ, ਗਵੱਈਏ ਉਹਨਾਂ ਬੱਚਿਆਂ ਤੋਂ ਬਣਦੇ ਹਨ, ਜਿਹੜੇ ਛੇ ਵਰ੍ਹੇ ਦੀ ਉਮਰ ਵਿਚ ਖਾਸ ਤੌਰ ਉਤੇ ਹੋਣਹਾਰ ਜਾਪੇ ਸਨ।

ਪਰ ਸਾਰੇ ਲਾਇਕ ਬੱਚੇ ਲਾਇਕ ਆਦਮੀ ਨਹੀਂ ਬਣਦੇ। ਉਸ ਦਾ ਕਾਰਣ ਇਹ ਹੈ ਕਿ ਬਹੁਤਿਆਂ ਨੂੰ ਘਰਾਂ ਵਿਚ ਸਮਝਿਆ ਨਹੀਂ ਜਾਂਦਾ, ਸਕੂਲਾਂ ਵਿਚ ਵੀ ਉਸਤਾਦ ਉਹਨਾਂ ਨੂੰ ਸਮਝ ਨਹੀਂ ਸਕੇ ਹੁੰਦੇ — ਤੇ ਉਹ ਲਾਇਕ ਆਦਮੀ ਬਣਨ ਦੀ ਥਾਂ ਗੁੰਝਲਦਾਰ ਆਦਮੀ ਬਣ ਜਾਂਦੇ ਹਨ।

ਖਾਸ ਤੌਰ ਉਤੇ ਰੌਸ਼ਨ ਬੱਚੇ ਵਲ ਮਾਪਿਆਂ ਤੇ ਉਸਤਾਦਾਂ ਦੇ ਖਾਸ ਫਰਜ਼ ਹੁੰਦੇ ਹਨ। ਜੇ ਇਹ ਫਰਜ਼ ਪੂਰੇ ਨਾ ਕੀਤੇ ਜਾਣ ਤਾਂ ਬੱਚੇ ਦੀ ਜਮਾਂਦਰੂ ਲਿਆਕਤ ਉਹਦੇ ਲਈ ਨਿਆਮਤ ਦੀ ਥਾਂ ਜ਼ਹਿਮਤ ਹੋ ਜਾਂਦੀ ਹੈ।

ਸਾਡੇ ਦੇਸ਼ ਵਿਚ ਸਿਵਾਏ ਮਾਇਆ ਤੇ ਜਾਇਦਾਦ ਦੇ ਕਿਸੇ ਗੱਲ ਵੱਲ ਵੀ ਧਿਆਨ ਨਹੀਂ ਦਿੱਤਾ ਜਾਂਦਾ। ਬੱਚਿਆਂ ਦੇ ਖਜ਼ਾਨੇ ਦੀ ਕਿਸ ਨੂੰ ਪਰਵਾਹ ਹੋਣੀ ਸੀ ? ਅਨੇਕਾਂ ਲਾਸਾਨੀ ਬੱਚੇ ਅਣਗਹਿਲੀ ਵਿਚ ਰੁਲ ਰਹੇ ਹਨ। ਘਰ ਜਾਂ ਸਕੂਲ ਵਿਚ ਜਿਹੜਾ ਬੱਚਾ ਖਾਸ ਰੌਸ਼ਨ-ਦਿਮਾਗੀ ਦੇ ਨਿਸ਼ਾਨ ਦੱਸੇ, ਉਸ ਨਾਲ ਖਾਸ ਵਰਤਾਓ ਕਰਨਾ ਚਾਹੀਦਾ ਹੈ। ਇਹ ਬੱਚਾ ਸਾਧਾਰਣ ਮਰਯਾਦਾ ਵਿਚ ਠੀਕ ਨਹੀਂ ਪਲ ਸਕਦਾ, ਇਸ ਦੀ ਖਾਤਰ ਸਾਰੇ ਕਾਨੂੰਨਾਂ ਨੂੰ ਰਾਹ ਦੇਣਾ ਚਾਹੀਦਾ ਹੈ।

ਇਸ ਬੱਚੇ ਦਾ ਰੌਸਾ ਜਿੰਨਾ ਲੰਮਾ ਉਹ ਚਾਹੇ ਕਰ ਦਿਓ। ਇਸ ਨੂੰ ਆਪਣੀ ਮਰਜ਼ੀ ਕਰਨ ਦਿਓ — ਜਿਹੜੇ ਕੱਪੜੇ ਉਹ ਚਾਹੇ ਉਹ ਪਹਿਨਣ ਦਿਓ। ਜਿਹੜੀਆਂ ਚੀਜ਼ਾਂ ਬਣਾਨ ਦਾ ਖਿਆਲ ਪ੍ਰਗਟ ਕਰੇ, ਭਾਵੇਂ ਉਹ ਨਾ ਵੀ ਬਣਾ ਸਕੇ, ਤਦ ਵੀ ਉਹਦੇ ਲਈ ਸਾਮਾਨ ਪੈਦਾ ਕਰੋ। ਇਸ ਬੱਚੇ ਨੂੰ ਕਦੇ ਗਾਲ੍ਹਾਂ ਨਾ

ਬਾਕੀ ਪੰਨਾ 17 'ਤੇ


**ਜਗਦੀਸ਼ ਸਿੰਘ** ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

**ਇਮੀਗਰੇਸ਼ਨ ਸਲਾਹਕਾਰ**

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ਼੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

**ਅਤੇ ਇਮੀਗਰੇਸ਼ਨ**

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160



**NON-SMOKERS & SMOKERS**



TOGETHER WE ARE STRONGER

NORTH AMERICAN LIFE

**Permanent & Terms Plan**

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335



SUDESH KALIA

ਪੰਨਾ 16 ਦੀ ਬਾਕੀ

ਕੱਢੋ, ਨਾ ਇਸ ਦਾ ਅਪਮਾਨ ਕਰੋ। ਇਹੋ ਜਿਹੇ ਬੱਚੇ ਬਹੁਤਾ ਖਾਣ ਪੀਣ ਜਾਂ ਫਜ਼ੂਲ ਖਰਚ ਕਰਨ ਦੇ ਚਾਹਵਾਨ ਨਹੀਂ ਹੁੰਦੇ। ਇਹ ਸਿਰਫ ਖੁਲ੍ਹ ਮੰਗਦੇ ਹਨ, ਤੇ ਆਪਣੇ ਤਜਰਬਿਆਂ ਲਈ ਸਾਮਾਨ। ਜਾਇਜ਼ ਹੌਂਸਲਾ ਵਧਾਣ ਨਾਲੋਂ ਵਧੇਰੇ ਤਾਰੀਫ਼ ਇਹ ਬੱਚੇ ਨਹੀਂ ਚਾਹੁੰਦੇ ਹੁੰਦੇ, ਨਾ ਇਹ ਦੂਜਿਆਂ ਦੇ ਸਾਹਮਣੇ ਆਪਣੀ ਲਿਆਕਤ ਦਾ ਵਿਖਾਲਾ ਪਸੰਦ ਕਰਦੇ ਹਨ। ਇਹਨਾਂ ਦੀ ਬਹੁਤੀ ਲੋੜ ਆਪਣੀ ਮਰਜ਼ੀ ਕਰ ਸਕਣਾ ਹੁੰਦੀ ਹੈ। ਇਹਨਾਂ ਦੀਆਂ ਮਰਜ਼ੀਆਂ ਬਹੁਤੀਆਂ ਖੁਦਗਰਜ਼ ਨਹੀਂ ਹੁੰਦੀਆਂ, ਇਹ ਸਿਰਫ ਨੇਮ ਦੇ ਅਧੀਨ ਨਹੀਂ ਰਹਿ ਸਕਦੇ ਹੁੰਦੇ।

ਹਿੰਦੁਸਤਾਨ ਵਿਚ ਲਿਆਕਤ ਦੇ ਮੁਨਾਰੇ ਏਸ ਲਈ ਘੱਟ ਹਨ ਕਿ ਏਥੇ ਸ਼ਖਸ਼ੀਅਤ ਦਾ ਆਦਰ ਨਹੀਂ — ਵਿਕਾਸ ਕਰਨ ਲਈ ਖੁੱਲ੍ਹਾ ਆਲਾ-ਦੁਆਲਾ ਨਹੀਂ, ਨਾ ਖੁੱਲ੍ਹਾ ਆਕਾਸ਼ ਹੈ।

ਲਾਇਕ ਆਦਮੀ ਅਮੀਰ ਘਰਾਣਿਆਂ ਵਿਚੋਂ ਏਨੀ ਗਿਣਤੀ ਵਿਚ ਪੈਦਾ ਨਹੀਂ ਹੁੰਦੇ ਜਿੰਨੀ ਵਿਚ ਅਧ-ਗਰੀਬ ਘਰਾਂ ਵਿਚੋਂ; ਹਾਲਾਂ ਕਿ ਅਮੀਰ ਘਰਾਂ ਦੇ ਬੱਚਿਆਂ ਦੀ ਪਨੀਰੀ ਮੁਕਾਬਲੇ ਵਿਚ ਚੰਗੀ ਹੁੰਦੀ ਹੈ। ਕਾਰਣ ਇਹ ਹੈ ਕਿ ਗਰੀਬ ਘਰਾਂ ਵਿਚ ਲਾਇਕ ਬੱਚੇ ਨੂੰ ਸੁਤੰਤਰਤਾ ਬਹੁਤੀ ਮਿਲ ਸਕਦੀ ਹੈ। ਗਰੀਬ ਘਰਾਂ ਵਿਚ ਬੰਦਸ਼ਾਂ ਥੋੜੀਆਂ ਹੁੰਦੀਆਂ ਹਨ, ਮਰਯਾਦਾ ਬੇ-ਲਚਕ ਨਹੀਂ ਹੁੰਦੀ, ਜ਼ਾਹਿਰਦਾਰੀ ਦਾ ਕਰ ਬਹੁਤ ਬਹੁਤ ਥੋੜਾ ਭਰਨਾ ਪੈਂਦਾ ਹੈ। ਅਮੀਰ ਬੱਚਿਆਂ ਨੂੰ "ਆਯਆ", ਨੌਕਰ, ਘਰ ਦੇ ਅਖਲਾਕ, ਆਏ ਗਏ ਦੇ ਅਖਲਾਕ, ਖਾਨਦਾਨ ਦੀ ਰਵਾਇਤ ਦੇ ਗੋਰਖਧੰਦਿਆਂ ਵਿਚੋਂ ਲੰਘਣਾ ਪੈਂਦਾ ਹੈ। ਲੋਕ ਵੀ ਅਮੀਰ ਘਰਾਣਿਆਂ ਕੋਲੋਂ ਖਾਸ ਕਿਸਮ ਦੇ ਰਵਈਏ ਦੀ ਆਸ ਰਖਦੇ ਹਨ। ਇਹ ਖਾਸ ਆਸਾਂ ਬੱਚੇ ਉਤੇ ਬੜਾ ਬੋਝ ਪਾਂਦੀਆਂ ਹਨ।

ਗਰੀਬ ਬੱਚੇ ਇਹਨਾਂ ਸਭ ਕੈਦਾਂ ਤੋਂ ਆਜ਼ਾਦ ਹੁੰਦੇ ਹਨ। ਧੁੱਪੇ ਫਿਰਨ, ਕਪੜੇ ਪੂਰੇ ਹੋਣ ਜਾਂ ਨਾ ਹੋਣ, ਮੈਲੇ ਹੋਣ, ਕਿਸੇ ਗਲੀ ਵਿਚ ਹੋਣ, ਕਿਸੇ ਨਾਲ ਖਲੋਤੇ ਹੋਣ, ਬਾਜ਼ਾਰ ਵਿਚ ਖਾਂਦੇ ਲੰਘਦੇ ਹੋਣ, ਭੁੰਜੇ ਬੈਠੇ ਹੋਣ, — ਇਹਨਾਂ ਦੀ ਚੇਤਨਤਾ ਨੂੰ ਬਹੁਤ ਬੇ-ਲੋੜਾ ਭਾਰ ਨਹੀਂ ਚੁੱਕਣਾ ਪੈਂਦਾ।

ਬੱਚੇ ਨੂੰ ਸ਼ੁਰੂ ਉਮਰ ਤੋਂ ਹੀ ਮਿਲੀ ਅਮੀਰ ਪਰਵਰਿਸ਼ ਤੇ ਤੋਲੀ ਹੋਈ ਸਭਿਅਤਾ ਉਸ ਦੇ ਵਿਕਾਸ ਵਿਚ ਰੁਕਾਵਟਾਂ ਪਾਂਦੀਆਂ ਹਨ। ਬੱਚਿਆਂ ਨੂੰ ਕਦੇ ਇਹ ਅਹਿਸਾਸ ਨਾ ਹੋਣ ਦਿਤਾ ਜਾਏ ਕਿ ਉਹ ਅਮੀਰ ਹਨ, ਤੇ ਉਹਨਾਂ ਦੇ ਕਈ ਸਾਥੀ ਉਹਨਾਂ ਨਾਲੋਂ ਹਲਕੇ ਘਰਾਣਿਆਂ ਦੇ ਹਨ। ਸਾਥੀਆਂ ਦੇ ਬਰਾਬਰ ਹੋਣ ਦਾ ਅਹਿਸਾਸ ਪੈਦਾ ਕਰਨਾ ਮਾਪਿਆਂ ਦੀ ਕੋਸ਼ਿਸ਼ ਹੋਵੇ। ਬੱਚੇ ਦੇ ਗਰੀਬ ਹਾਣੀ ਨਾਲ ਬਰਾਬਰ ਦਾ ਸਲੂਕ ਕੀਤਾ ਜਾਵੇ।

ਮੁਲਕਾਂ ਦੇ ਪ੍ਰਧਾਨ-ਮੰਤਰੀ, ਪ੍ਰਧਾਨ, ਕਾਇਆ ਪਲਟ ਸਕਣ ਵਾਲੇ ਕਲਾਕਾਰ, ਗਵੱਈਏ ਤੇ ਨਵੀਆਂ ਦੁਨੀਆਂ ਬਣਾਨ ਵਾਲੇ ਇੰਜੀਨੀਅਰ ਇਹਨਾਂ ਖਾਸ ਲਾਇਕ ਕੱਚਿਆਂ ਵਿਚੋਂ ਹੀ ਨਿਕਲਦੇ ਹਨ। ਇਸ ਆਪਣੀ ਹੀਰਿਆਂ ਦੀ ਖਾਣ ਨੂੰ ਬੇ-ਪਰਵਾਹੀ ਨਾਲ ਨਾ ਵਰਤੋ, ਇਹਨਾਂ ਨੂੰ ਕਿਸੇ ਹੱਦ ਤੱਕ ਉਹੀ ਇੱਜ਼ਤ ਦਿਓ, ਜੋ ਵੱਡਿਆਂ ਹੋ ਕੇ ਪ੍ਰਧਾਨ ਬਣ ਕੇ ਇਹਨਾਂ ਦਾ ਹੱਕ ਹੋਵੇਗਾ। ਤੁਸੀਂ ਨਹੀਂ ਕਹਿ ਸਕਦੇ ਕਿੰਨੇ ਲਿੰਕਨ, ਕਿੰਨੇ ਐਡੀਸਨ, ਕਿੰਨੇ ਲੈਨਿਨ, ਕਿੰਨੇ ਮਾਰਕਸ ਤੁਹਾਡੇ ਗਲਤ ਸਲੂਕ ਨੇ ਬਣਦੇ ਬਣਦੇ ਵਿਗਾੜ ਦਿੱਤੇ ਹਨ, ਕਿੰਨਿਆਂ ਨੂੰ ਤੁਸਾਂ ਤਖਤ ਦੀ ਥਾਂ ਜੇਲ੍ਹਾਂ ਵਿਚ ਭੇਜੇ ਗਏ ਹਨ। ਸੁਨਹਿਰੀ,



Premier Bill Bennett and Mrs. Louise Guinness fire flares signalling the lighting of Vancouver's landmark Lions's Gate Bridge. Mrs. Guinness is a member of the family that originally built Lion's Gate. The lighted bridge will act as a beacon for visitors to Expo 86.

## ਬਾਬਾ ਅਕਾਲੀ ਦਲ ਦੇ ਆਗੂ ਰਿਹਾ

ਮੁਕਤਸਰ — ਬਾਬਾ ਅਕਾਲੀ ਦਲ ਦੇ ਆਗੂ ਜਥੇਦਾਰ ਰੂਪ ਸਿੰਘ ਗੁੜੀ ਸੰਘਰ ਮੈਂਬਰ ਸਲਾਹਕਾਰ ਕਮੇਟੀ, ਜ਼ਿਲਾ ਅਕਾਲੀ ਜਥਾ ਦੇ ਕਨਵੀਨਰ ਸ਼ਿਵਚਰਨ ਸਿੰਘ ਸੰਧੂ, ਜਗਜੀਤ ਸਿੰਘ ਸਿੱਧੂ ਐਡਵੋਕੇਟ, ਬਲਜਿੰਦਰ ਸਿੰਘ ਸੇਖੋਂ, ਗੁਰਤੇਜ ਸਿੰਘ ਰਹੂੜਿਆਂ ਵਾਲੀ, ਟੇਕ ਸਿੰਘ ਕਬਰਵਾਲਾ ਆਦਿ ਨੂੰ ਅਦਾਲਤ ਨੇ ਡਿਸਚਾਰਜ ਕਰ ਦਿੱਤਾ ਹੈ। ਇਨ੍ਹਾਂ ਆਗੂਆਂ ਨੂੰ ਧਾਰਾ ਸਤ ਇਕਵੰਜਾ ਅਧੀਨ ਦੋ ਹਫਤੇ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ।

ਕਣੀਦਾਰ ਸ਼ੱਕਰ ਤੇ ਕਾਲੀ ਚੋੜ੍ਹੀ ਦੰਦਾਂ ਨੂੰ ਚੜਦੀ ਚਿਕੜੀ ਵਿਚ ਸਿਰਫ ਥੋੜੇ ਜਿੰਨੇ ਵਧ ਘੱਟ ਸੇਕ ਦਾ ਹੀ ਫਰਕ ਹੁੰਦਾ ਹੈ — ਪਤ ਚੜ੍ਹ ਗਈ, ਕੱਚੀ ਰਹਿ ਗਈ ਜਾਂ ਉਬਲ ਡੁੱਲ੍ਹ ਕੇ ਚੁੱਲ੍ਹੇ ਵਿਚ ਪੈ ਗਈ।

## ਅਕਾਲੀ ਸੰਸਦੀ ਪਾਰਟੀ ਦੀ ਮੀਟਿੰਗ

ਨਵੀਂ ਦਿੱਲੀ — ਅਕਾਲੀ ਦਲ ਸੰਸਦੀ ਪਾਰਟੀ ਦੀ ਹੰਗਾਮੀ ਮੀਟਿੰਗ ਤਲਬ ਕੀਤੀ ਗਈ ਜਿਸ ਵਿਚ ਲੋਕ ਸਭਾ ਸਪੀਕਰ ਬਲਰਾਮ ਜਾਖੜ ਵਲੋਂ ਪੰਜਾਬ ਲਈ "ਬੁੱਚੜਖਾਨਾ" ਸ਼ਬਦ ਦੀ ਵਰਤੋਂ ਕੀਤੀ ਅਤੇ ਇਹ ਮਾਮਲਾ ਸਪੀਕਰ ਕੋਲ ਉਠਾਉਣ ਸਬੰਧੀ ਫੈਸਲਾ ਲਿਆ।

ਸੰਸਦੀ ਪਾਰਟੀ ਦੇ ਨੇਤਾ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਸਪੀਕਰ ਦੀ ਟਿੱਪਣੀ 'ਤੇ ਅਫਸੋਸ ਪ੍ਰਗਟ ਕੀਤਾ। ਸਪੀਕਰ ਨੂੰ ਭੇਜੇ ਇਕ ਮੈਮੋਰੰਡਮ ਵਿਚ ਉਨ੍ਹਾਂ ਉਪਰੋਕਤ ਟਿੱਪਣੀ ਨੂੰ ਪੰਜਾਬ ਦੇ ਲੋਕਾਂ ਦੀ "ਬੇਇਜ਼ਤੀ" ਦੱਸਿਆ। ਮੈਮੋਰੰਡਮ ਵਿਚ ਇਹ ਵੀ ਕਿਹਾ ਕਿ ਸਪੀਕਰ ਦੀ ਟਿੱਪਣੀ ਮੰਦਭਾਗੀ ਹੈ ਅਤੇ ਪੰਜਾਬ ਦੀ ਬਿਲਕੁਲ ਗਲਤ ਤਸਵੀਰ ਪੇਸ਼ ਕਰਦੀ ਹੈ।


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर-इंडिया

AIR-INDIA

WE'RE YOUR AIRLINE

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433



# ਫ਼ਿਲਮ-ਲੋਰ



## ਮਨੋਜ ਦਾ ਦਾਅਵਾ

ਮਨੋਜ ਕੁਮਾਰ ਜਿਸ ਨੂੰ "ਭਾਰਤ" ਕਹਿ ਕੇ ਜਾਣਿਆ ਜਾਂਦਾ ਹੈ, ਜੋ ਅਕਸਰ ਦੇਸ਼ ਭਗਤੀ ਦੇ ਵਿਸ਼ੇ ਉਪਰ ਫਿਲਮ ਬਣਾਉਂਦਾ ਹੈ, ਨਿਕਟ ਭਵਿਖ ਵਿਚ "ਕਲਰਕ" ਫਿਲਮ ਲੈ ਕੇ ਦੇਸ਼ ਭਰ ਦੇ ਸਿਨੇਮਾ-ਘਰਾਂ 'ਚ ਦਾਖਲ ਹੋਵੇਗਾ ਮਨੋਜ ਨੇ ਹੁਣੇ ਤੋਂ ਦਾਅਵੇ ਕਰਨੇ ਆਰੰਭ ਦਿਤੇ ਹਨ ਕਿ ਉਸ ਦੀਆਂ ਸਮੇਂ ਸਮੇਂ ਸਿਰ ਆਈਆਂ ਸਫਲ ਫਿਲਮਾਂ "ਉਪਕਾਰ", "ਯਾਦਗਾਰ", "ਦਸ ਨੰਬਰੀ", "ਸਨਿਆਸੀ", "ਬੇਈਮਾਨ" ਅਤੇ "ਕਰਾਂਤੀ" ਵਾਂਗ "ਕਲਰਕ" ਨੂੰ ਵੀ ਲੋਕ ਖਿੜੇ ਮੱਥੇ ਕਬੂਲ ਕਰਨਗੇ, ਹੱਸ ਕੇ ਗਲੇ ਲਗਾਉਣਗੇ।

"ਕਲਰਕ" ਦੀ ਸਕਰਿਪਟ ਉਪਰ ਮਨੋਜ ਨੇ ਬਹੁਤ ਮਿਹਨਤ ਕੀਤੀ ਤੇ ਖੁਲ੍ਹਾ ਸਮਾਂ ਖਰਚਿਆ। ਇਸ ਨੂੰ ਤਿਆਰ ਕਰਨ ਵਿਚ ਦੋ ਕੁ ਸਾਲ ਲਗਾਏ ਹਨ ਤੇ ਹੁਣ ਅੰਤਿਮ ਛੂਹਾਂ ਦਿੱਤੀਆਂ ਜਾ ਰਹੀਆਂ ਹਨ। "ਕਲਰਕ" ਵਿਚ ਇਕ ਦਫਤਰੀ ਬਾਬੂ ਦਿਖਾਇਆ ਹੈ ਜੋ ਬੇਈਮਾਨ ਹੋਣ ਤੋਂ ਬਚਦਾ ਹੈ, ਭ੍ਰਿਸ਼ਟਾਚਾਰ ਵਿਰੁਧ ਡਟਦਾ ਹੈ ਪਰ ਮਾਹੌਲ ਉਸ ਕਲਰਕ ਨੂੰ ਆਪਣੇ ਅਨੁਸਾਰ ਢਾਲਣ 'ਚ ਯਤਨਸ਼ੀਲ ਹੈ। "ਕਲਰਕ" ਦੀ ਖ਼ਾਸ ਖਿਚ ਪਾਕਿਸਤਾਨੀ ਫਿਲਮ-ਕਲਾਕਾਰਾਂ ਦੀ ਜੋੜੀ ਮੁਹੰਮਦ ਅਲੀ ਤੇ ਜ਼ੇਬਾ ਵੀ ਬਣਨਗੇ। ਮੁਹੰਮਦ ਅਲੀ ਨੇ ਮਨੋਜ ਦੇ ਵੱਡੇ ਭਰਾ ਦਾ ਅਤੇ ਜ਼ੇਬਾ ਨੇ ਮਨੋਜ ਦੀ ਪਤਨੀ ਦਾ ਰੋਲ ਕੀਤਾ ਹੈ।

## ਪ੍ਰੇਮਾ ਨਰਾਇਣ

"ਮੇਰੇ ਵਰਗੀਆਂ ਸੈਂਕੜੇ ਲੜਕੀਆਂ ਫਿਲਮ ਲਾਈਨ ਵਿਚ ਨਾ ਜਾਣੇ ਕੀ ਕੀ ਸੁਪਨੇ ਲੈ ਕੇ ਆਉਂਦੀਆਂ ਹਨ, ਸੁਪਨੇ ਬੁਣਦੀਆਂ ਹਨ ਤੇ ਬੱਸ ਸੁਪਨੇ ਬੁਣਦੀਆਂ ਹੀ ਵਕਤ ਵਿਹਾ ਲੈਂਦੀਆਂ ਹਨ" ਪ੍ਰੇਮਾ ਨਰਾਇਣ ਆਖਦੀ ਹੈ, "ਫਿਰ ਵੀ ਏਨਾ ਲੰਬਾ ਅਰਸਾ ਇਸ ਖੇਤਰ ਵਿਚ ਬਿਤਾ ਲਿਆ ਹੈ ਤੇ ਮੈਨੂੰ ਅਜੇ ਵੀ ਆਸ ਹੈ ਕਿ ਇਕ ਨਾ ਇਕ ਦਿਨ ਜ਼ਰੂਰ ਮੇਰੇ ਅੰਦਰਲੀ ਐਕਟਰੈਸ ਨੂੰ ਕੋਈ ਪਛਾਣੇਗਾ। ਮੈਂ ਹਾਰ ਨਹੀਂ ਮੰਨੀ। ਮੈਨੂੰ ਭਲੇ ਦਿਨਾਂ ਦੀ ਉਡੀਕ ਹੈ ...।"

ਪ੍ਰੇਮਾ ਨਰਾਇਣ ਪੜ੍ਹਾਈ ਮੁਕਾ ਕੇ ਕਈ ਨਿੱਕੀਆਂ ਮੋਟੀਆਂ ਨੌਕਰੀਆਂ ਕਰਦੀ ਰਹੀ। ਫਿਰ ਕਈ ਸਾਲ ਉਹ ਮਾਸਟਰਨੀ ਲੱਗੀ ਰਹੀ। ਪਰ ਉਹਦੀਆਂ ਸਹੇਲੀਆਂ ਉਹ ਦੇ ਹੁਸਨ ਦੀ ਤਾਰੀਫ ਦੇ ਹਮੇਸ਼ਾਂ ਪੁਲ ਬੰਨ੍ਹਦੀਆਂ ਰਹਿੰਦੀਆਂ। ਦੇਖੋ-ਦੇਖੀ ਉਹ ਸੁੰਦਰਤਾ ਮੁਕਾਬਲਿਆਂ ਵਿਚ ਹਿਸਾ ਲੈਣ ਲੱਗੀ। ਕਿੰਨਾ ਸੁਭਾਗਾ ਸੀ ਉਹ ਦਿਨ ਜਦੋਂ ਪ੍ਰੇਮਾ ਨਰਾਇਣ ਸੁੰਦਰਤਾ ਮੁਕਾਬਲੇ 'ਚ ਕਹਿੰਦਿਆਂ ਕਹਾਉਂਦੀਆਂ ਮੁਟਿਆਰਾਂ ਨੂੰ ਪਛਾੜਦੀ ਹੋਈ "ਮਿਸ ਇੰਡੀਆ" ਚੁਣੀ ਗਈ। ਇਕ ਦਮ ਅਖਬਾਰਾਂ, ਰਸਾਲਿਆਂ ਨੇ ਉਹਦੀਆਂ ਦਿਲਕਸ਼ ਤਸਵੀਰਾਂ ਖਿਚ ਕੇ ਆਪਣੀ ਵਿਕਰੀ ਵਧਾ ਲਈ। ਫਿਲਮਾਂ ਵਾਲਿਆਂ ਵਲੋਂ ਪੇਸ਼ਕਸ਼ਾਂ ਹੋਈਆਂ ਤੇ ਪ੍ਰੇਮਾ ਨਰਾਇਣ ਨੇ ਨੌਕਰੀ ਛੱਡ ਕੇ ਐਕਟਰੈਸ ਬਣਨ ਦੀ ਠਾਣ ਲਈ।

ਸਭ ਤੋਂ ਪਹਿਲਾਂ ਪ੍ਰੇਮੀਂ ਨਰਾਇਣ ਦੀ "ਅੰਗ ਸੇ ਅੰਗ ਲਗਾ ਲੋ" ਫਿਲਮ ਆਈ। ਪਰ ਤਕਨੀਕੀ ਕਮਜ਼ੋਰੀਆਂ ਕਾਰਨ ਫਿਲਮ ਫੇਲ੍ਹ ਸਿੱਧ ਹੋਈ। ਦੂਜੀ ਫਿਲਮ "ਮਾਂ, ਬਹਿਨ ਔਰ ਬੀਵੀ" ਸਜਧਜ ਨਾਲ ਬਣੀ। ਪ੍ਰੇਮਾ ਨਾਰਾਇਣ ਦੀ ਦੂਹਰੀ ਭੂਮਿਕਾ ਸੀ — ਪੇਂਡੂ ਸਾਦ-ਮੁਰਾਦੀ ਕੁੜੀ ਅਤੇ ਮਾਡਰਨ ਸ਼ਹਿਰੀ ਕੁੜੀ ਪ੍ਰੇਮਾ ਨੂੰ ਬੜੀਆਂ ਉਮੀਦਾਂ ਸਨ ਇਸ ਫਿਲਮ ਉਪਰ। ਹਰ ਪੱਖੋਂ ਚੰਗੀ ਪਕੜ ਹੋਣ ਦੇ ਬਾਵਜੂਦ ਇਸ ਫਿਲਮ ਨੂੰ ਵੀ ਟਿਕਟ ਖਿੜਕੀ 'ਤੇ ਹੁੰਗਾਰਾ ਨਾ ਮਿਲ ਸਕਿਆ ਨਤੀਜੇ ਵਜੋਂ ਪ੍ਰੇਮਾ ਨਰਾਇਣ "ਦੋ ਅਸਫਲ ਫਿਲਮਾਂ ਦੀ ਅਨਲੱਕੀ ਐਕਟਰੈਸ" ਗਰਦਾਨੀ ਗਈ। ਫਿਲਮੀ ਆਲੋਚਕ ਜੋ ਪਹਿਲਾਂ ਉਸ ਦੀ ਤਾਰੀਫ ਦੇ ਪੁਲ ਉਸਾਰਦੇ ਸਨ, ਰਾਤੋ ਰਾਤ ਉਨ੍ਹਾਂ ਨੂੰ ਪ੍ਰੇਮਾ ਦੀ ਅਭਿਨੈ ਕਲਾ 'ਚ ਹਜ਼ਾਰਾਂ ਨੁਕਸ ਦਿਖਾਈ ਦੇਣ ਲਗ ਪਏ। ਮਹੇਸ਼ ਭੱਟ ਨੇ ਉਸ ਨੂੰ "ਮੰਜ਼ਲੇਂ ਔਰ ਭੀ ਹੈਂ" ਵਿਚ ਹੀਰੋ ਕਬੀਰ ਬੇਦੀ ਨਾਲ ਬਤੌਰ ਹੀਰੋਇਨ ਲਿਆ। ਕਹਿੰਦੇ ਨੇ ਇਸ ਫਿਲਮ ਨੂੰ ਜੇਕਰ ਸੈਂਸਰ ਵਾਲੇ ਬੇਰਹਿਮੀ ਨਾਲ ਨਾ ਕੱਟਦੇ ਤਾਂ ਪ੍ਰੇਮਾ ਨਰਾਇਣ ਹੁਣ ਨੂੰ ਕਿੱਤੇ ਦੀ ਕਿਤੇ ਪਹੁੰਚੀ ਹੁੰਦੀ। ਸੋ ਇਹ ਫਿਲਮ ਵੀ ਠੁੱਸ ਹੋ ਗਈ।

ਉਸ ਤੋਂ ਬਾਅਦ ਪ੍ਰੇਮਾ ਨਰਾਇਣ ਕੋਲੋਂ ਵੱਡੇ ਬੈਨਰਾਂ ਦੀਆਂ ਫਿਲਮਾਂ ਛੁਟ ਗਈਆਂ। ਛੋਟੇ ਛੋਟੇ ਰੋਲ ਕਰਨ ਜੋਗੀ ਉਹ ਰਹਿ ਗਈ। "ਅਮਾਨੁਸ਼" ਵਿਚ ਸ਼ਕਤੀ ਸਾਮੰਤ ਨੇ ਉਹ ਨੂੰ ਛੋਟੀ ਭੂਮਿਕਾ ਦਿੱਤੀ। "ਬੁਆਏ ਫਰੈਂਡ", "ਪੌਂਗਾ ਪੰਡਿਤ", "ਜਬ ਅੰਧੇਰਾ ਹੋਤਾ ਹੈ", "ਪ੍ਰੇਮ ਸ਼ਾਸਤਰੀ" ਤੇ ਕਈ ਹੋਰ ਫਿਲਮਾਂ ਸਮੇਂ ਸਮੇਂ ਸਿਰ ਆਉਂਦੀਆਂ ਰਹੀਆਂ ਜਿਨ੍ਹਾਂ ਵਿਚ ਪ੍ਰੇਮਾ ਨਰਾਇਣ ਹਾਜ਼ਰੀ



ਲੁਆਉਣ ਤੋਂ ਸਿਵਾ ਕੁਝ ਨਾ ਕਰ ਸਕੀ। ਇਸ ਦੇ ਨਾਲ ਹੀ ਉਹ ਪ੍ਰਾਦੇਸ਼ਕ ਫਿਲਮਾਂ ਤੇ ਖਾਸ ਕਰ ਭੋਜਪੁਰੀ ਫਿਲਮਾਂ ਵਿਚ ਕਿਸਮਤ ਅਜਮਾਉਣ ਲਗੀ। ਭੋਜਪੁਰੀ 'ਚ ਉਹਦੀ ਫਿਲਮ "ਦੰਗਲ" ਨੇ ਚੰਗਾ ਬਿਜ਼ਨਿਸ ਕੀਤਾ ਪਰ ਜਦ ਨੂੰ ਪਦਮਾ ਖੰਨਾ ਤੇ ਰਜਨੀ ਸ਼ਰਮਾ ਨੇ ਭੋਜਪੁਰੀ 'ਚ ਪ੍ਰਵੇਸ਼ ਕਰਕੇ ਉਸ ਕੋਲੋਂ ਕਈ ਫਿਲਮਾਂ ਖੋਹ ਲਈਆਂ।

ਹਿੰਦੀ 'ਚ ਜਦੋਂ ਛੋਟੀਆਂ ਭੂਮਿਕਾਵਾਂ ਵੀ ਮਿਲਣੋਂ ਹਟਦੀਆਂ ਗਈਆਂ ਤਾਂ ਪ੍ਰੇਮਾ ਨਰਾਇਣ ਨੇ ਸਿਰਫ ਡਾਂਸ ਵੱਲ ਧਿਆਨ ਕੇਂਦਰਿਤ ਕੀਤਾ। ਬਤੌਰ ਡਾਂਸਰ ਉਸ ਨੂੰ ਕੰਮ ਅੱਜ ਵੀ ਮਿਲ ਰਿਹਾ ਹੈ ਤੇ ਇਸ ਦੇ ਨਾਲ ਹੀ ਨਾਲ ਉਹ ਨੇ ਸਟੇਜ ਸ਼ੋਅ ਕਰਨੇ ਆਰੰਭ ਦਿਤੇ ਸਨ।

ਲੁਧਿਆਣੇ 'ਚ ਇਕ ਵਾਰ ਪ੍ਰੇਮਾ ਨਰਾਇਣ ਸਟੇਜ-ਸ਼ੋਅ ਦੇਣ ਆਈ। ਅਗਲੀ ਸਵੇਰ ਅਸੀਂ ਉਹਨੂੰ ਲਾਡੂਵਾਲ ਨੇੜਲੇ 'ਅਮਲਤਾਸ ਹੋਟਲ' ਵਿਚ ਮਿਲਣ ਗਏ। ਰਾਤ ਨੂੰ ਸਟੇਜ ਉਪਰ ਝਿਲਮਿਲਾਉਂਦੀਆਂ ਰੌਸ਼ਨੀਆਂ 'ਚ ਉਹ ਜਿਤਨੀ ਆਕਰਸ਼ਕ ਲਗਦੀ ਸੀ, ਦਿਨ ਦੇ ਚਿੱਟੇ ਚਾਨਣ ਵਿਚ ਓਦੂੰ ਵੀ ਵੱਧ ਹੁਸੀਨ ਦਿਖਾਈ ਦੇ ਰਹੀ ਸੀ। ਹੋਟਲ ਦੇ ਬਗੀਚੇ ਵਿਚ ਤਸਵੀਰਾਂ। ਖਿਚਾਉਂਦੀ ਹੋਈ ਪ੍ਰੇਮਾ ਨਰਾਇਣ ਆਖ ਰਹੀ ਸੀ "ਸਾਡੇ ਫਿਲਮੀ ਖੇਤਰ ਵਿਚ ਕੋਈ ਪਤਾ ਨੀਂ ਆਰਟਿਸਟ ਕਦੋਂ ਚੜ੍ਹ ਜਾਵੇ ਤੇ ਕਦੋਂ ਡਿੱਗ ਜਾਵੇ। ਮੇਰੇ ਵਿਚ ਅਜੇ ਦਮ-ਖਮ ਹੈ, ਇਕ ਨਾ ਇਕ ਦਿਨ ਮੈਂ ਸਟਾਰ ਐਕਟਰੈਸ ਬਣਾਂਗੀ, ਜ਼ਰੂਰ ਬਣਾਂਗੀ .....।"

## ਪ੍ਰੋਡਿਊਸਰ ਬਨਾਮ ਸੈਂਸਰ

ਫਿਲਮ ਪ੍ਰੋਡਿਊਸਰਾਂ ਅਤੇ ਸੈਂਸਰ ਬੋਰਡ ਅਧਿਕਾਰੀਆਂ ਦੀ ਫੇਰ ਇਕ ਵਾਰ ਖੜਕ ਪਈ ਹੈ। ਪ੍ਰੋਡਿਊਸਰਾਂ ਦਾ ਕਹਿਣਾ ਹੈ ਕਿ ਸੈਂਸਰ ਵਾਲੇ ਬਿਨਾਂ ਵਜ੍ਹਾ ਤੇ ਬੇਰਹਿਮੀ ਨਾਲ ਕੈਂਚੀ ਵਰਤ ਰਹੇ ਹਨ। ਜਾਣ ਬੁਝ ਕੇ ਫਿਲਮਾਂ ਨੂੰ ਸਰਟੀਫਿਕੇਟ ਦੇਣ 'ਚ ਦੇਰੀ ਕਰਦੇ ਹਨ ਤੇ ਇਉਂ ਕਰਜ਼ੇ ਵਜੋਂ ਲਈ ਰਕਮ ਦਾ ਮਣਾਂ-ਮੂੰਹੀ ਵਿਆਜ ਵਧ ਜਾਂਦਾ ਹੈ। ਫਰਵਰੀ ਦੇ ਪਹਿਲੇ ਹਫਤੇ ਪ੍ਰੋਡਿਊਸਰਾਂ ਨੇ ਫੈਸਲਾ ਕਰ ਲਿਆ ਸੀ ਕਿ ਸੈਂਸਰ ਬੋਰਡ ਨੂੰ ਕੋਈ ਫਿਲਮ ਨਹੀਂ ਭੇਜੀ ਜਾਵੇਗੀ। ਪਰ ਸੈਂਸਰ ਅਧਿਕਾਰੀ ਬਿਕਰਮ ਸਿੰਘ ਨੇ ਸਥਿਤੀ ਨੂੰ ਵਿਗੜਨ ਤੋਂ ਬਚਾ ਲਿਆ। ਉਸ ਨੇ ਪ੍ਰੋਡਿਊਸਰਾਂ ਦੇ ਵਫਦ ਨੂੰ ਭਰੋਸਾ ਦਿਵਾਇਆ ਕਿ ਫਿਲਮਾਂ ਨੂੰ ਪਾਸ ਕਰਨ ਵਿਚ ਅਗੋਂ ਤੋਂ ਘੱਟੋ ਘੱਟ ਸਮਾਂ ਲਿਆ ਜਾਵੇਗਾ। ਇਸ ਭਰੋਸੇ ਉਪਰ ਅਜੇ ਅਮਲ ਨਹੀਂ ਹੋਇਆ ਤੇ ਪ੍ਰਤੀਕਰਮ ਵਜੋਂ ਪ੍ਰੋਡਿਊਸਰ ਮੁੜ ਭਖੇ ਫਿਰਦੇ ਹਨ। ਰਾਜਨੀਤੀ ਵਿਚ ਵਿਚਰਨ ਵਾਲੇ ਅਮਿਤਾਬ ਬਚਨ, ਵਿਜੰਤੀ ਮਾਲਾ ਤੇ ਸੁਨੀਲ ਦੱਤ ਦੋਹਾਂ ਧਿਰਾਂ ਵਿਚਕਾਰਲੇ ਤਣਾਓ ਨੂੰ ਟਾਲਣ 'ਚ ਲੱਗੇ ਹੋਏ ਹਨ।

## ਦੁੰਮ-ਛੱਲਾ

ਦਲੀਪ ਕੁਮਾਰ ਇਹਨੀਂ ਦਿਨੀਂ ਸਵੈ-ਜੀਵਨੀ ਲਿਖਣ ਵਿਚ ਰੁੱਝਾ ਹੋਇਆ ਹੈ। ਜ਼ਿੰਦਗੀ ਵਿਚ ਵਾਪਰੀਆਂ ਸਭ ਕੌੜੀਆਂ-ਮਿਠੀਆਂ ਯਾਦਾਂ ਦੇ ਵੇਰਵੇ ਦੇ ਰਿਹਾ ਹੈ। ਕੇ. ਆਸਿਫ ਨਾਲੋਂ ਭਰਾਵਾਂ ਵਰਗਾ ਪਿਆਰ ਕਿੰਜ ਟੁੱਟਿਆ, ਮੁਸਲਮਾਨ ਵਜੋਂ ਕਿਵੇਂ ਸੋਚਦਾ ਹੈ, ਸ਼ਾਦੀ ਲਈ ਸਾਇਰਾ ਬਾਨੋ ਨੂੰ ਕਿਉਂ ਚੁਣਿਆ ਤੇ ਅਜਿਹੀਆਂ ਹੋਰ ਦਰਜਨਾਂ ਘਟਨਾਵਾਂ ਦੇ ਦਿਲਚਸਪ ਪਹਿਲੂਆਂ ਦਾ ਇਸ ਪੁਸਤਕ ਵਿਚ ਜ਼ਿਕਰ ਹੋਵੇਗਾ। ਇਕ ਘਟਨਾ ਦਾ ਵੇਰਵਾ ਹਾਜ਼ਰ ਹੈ :

"ਮੈਂ ਹਵਾਈ ਜਹਾਜ਼ ਰਾਹੀਂ ਇੰਗਲੈਂਡ ਤੋਂ ਬੰਬਈ ਆ ਰਿਹਾ ਸੀ। ਮੈਥੋਂ ਕੁਝ ਸੀਟਾਂ ਦੀ ਵਿਥ 'ਤੇ ਭਾਰਤ ਦੇ ਉਘੇ ਸਨਅਤਕਾਰ ਤੇ ਸੇਠ ਬਿਰਲਾ ਸਾਹਿਬ ਬੈਠੇ ਸਨ। ਸਾਡੀ ਆਪਸੀ ਜਾਣ-ਪਛਾਣ ਨਹੀਂ ਸੀ। ਮੈਨੂੰ ਮਿਲਣ ਦੀ ਉਤਸੁਕਤਾ ਸੀ। ਇਤਫਾਕ ਨਾਲ ਬਿਰਲਾ ਸਾਹਿਬ ਦੇ ਲਾਗਲੀ ਸੀਟ ਖਾਲੀ ਪਈ ਸੀ। ਮੈਂ ਉਥੇ ਜਾ ਬੈਠਾ। ਬਿਰਲਾ ਸੇਠ ਆਪਣੇ ਪੱਟਾਂ ਉਪਰ ਛੋਟਾ ਜਿਹਾ ਟਾਈਪ ਰਾਈਟਰ ਰੱਖ ਕੇ ਕਾਰੋਬਾਰੀ ਪੱਤਰ ਟਾਈਪ ਕਰ ਰਹੇ ਸਨ। ਮੈਂ ਐਵੇਂ ਮੁੱਚੀ ਦਾ ਖੰਘੂਰਾ ਮਾਰ ਕੇ ਉਨ੍ਹਾਂ ਦਾ ਧਿਆਨ ਖਿਚਿਆ। ਪਰ ਉਹ ਮੇਰੇ ਵੱਲ ਸਰਸਰੀ ਜਿਹਾ ਤੱਕਣ ਉਪਰੰਤ ਮੁੜ ਟਾਈਪ ਕਰਨ 'ਚ ਰੁੱਝ ਗਏ। ਮੈਂ ਮੱਲੋ ਮੱਲੀ ਨਮਸਤੇ ਬੁਲਾ ਦਿੱਤੀ। ਉਨ੍ਹਾਂ ਸਿਰ ਹਿਲਾ ਕੇ ਮੰਨ ਲਈ।

ਮੈਂ ਪੁੱਛਿਆ, "ਤੁਸੀਂ ਬਿਰਲਾ ਸਾਹਿਬ ਜੀ ਹੋ ?"

ਜਵਾਬ ਮਿਲਿਆ "ਜੀ ਹਾਂ।"

"ਮੈਨੂੰ ਦਲੀਪ ਕੁਮਾਰ ਕਹਿੰਦੇ ਨੇ।"

ਬਿਰਲਾ ਸੇਠ ਨੇ ਸਿਰਫ ਏਨਾ ਕਿਹਾ "ਅੱਛਾ"

ਕੁਝ ਪਲਾਂ ਲਈ ਚੁੱਪ ਛਾਈ ਰਹੀ। ਮੈਨੂੰ ਅੱਗੋਂ ਕੁਝ ਨਾ ਸੁੱਝੇ। ਫੇਰ ਜਦੋਂ ਬਿਰਲਾ ਸਾਹਿਬ ਨੇ ਮੈਨੂੰ ਇਹ ਪੁੱਛਿਆ, "ਮਿਸਟਰ ਕੁਮਾਰ, ਆਪ ਕਾਮ ਕਿਆ ਕਰਤੇ ਹੈਂ ?" ਤਾਂ ਮੇਰਾ ਸਾਰਾ ਸਰੀਰ ਬਰਫ ਵਾਂਗ ਜੰਮ ਗਿਆ ਜਾਪਿਆ। ਉਸ ਦਿਨ ਮੈਨੂੰ ਆਪਣੇ ਬਾਰੇ ਇਹ ਭੁਲੇਖਾ ਵੀ ਦੂਰ ਹੋ ਗਿਆ ਕਿ ਹਿੰਦੋਸਤਾਨ ਦਾ ਹਰ ਬੱਚਾ ਤੇ ਬੁੱਢਾ ਦਲੀਪ ਕੁਮਾਰ ਨੂੰ ਜਾਣਦਾ ਹੈ ....।"




FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ ਦਰਸ਼ਨ ਗਿੱਲ ਨੂੰ ਫੋਨ ਕਰੋ

INSURANCE FOR

- Personal
- Children
- Mortgage
- RRSP
- Group Insuranc & Annuities

NORTH AMERICAN LIFE ASSURANCE CO.

# 320 - 815 W. HASTINGS ST.
VANCOUVER, B.C.

CONTACT

Bus: 685-9335
Res: 581-4473



DARSHAN GILL

# ਸ਼ੁਭ ਵਿਆਹ



ਰਵਿੰਦਰ ਕੌਰ ਅਤੇ ਹਰਿਦਰ ਸਿੰਘ

ਪ੍ਰੀਤਮ ਸਿੰਘ ਮੁੱਕਰ ਜੋ ਕਿ ਰਿਚਮੰਡ ਵਿਚ ਰਹਿੰਦੇ ਹਨ ਉਹਨਾਂ ਦੀ ਲੜਕੀ ਰਵਿੰਦਰ ਅਤੇ ਲੜਕਾ ਗੁਰਦੀਪ ਸਿੰਘ ਦੀ ਪਿਛਲੇ ਦਿਨੀਂ ਸ਼ਾਦੀ ਹੋਈ। ਪ੍ਰੀਤਮ ਸਿੰਘ ਮੁੱਕਰ ਨੇ ਸ਼ਾਦੀ ਦੇ ਮੌਕੇ ਤੇ 'ਕੈਨੇਡਾ ਦਰਪਣ' ਨੂੰ ਸਹਾਇਤਾ ਵੀ ਦਿਤੀ। ਕੈਨੇਡਾ ਦਰਪਣ ਅਦਾਰਾ ਦੋਹਾਂ ਜੋੜੀਆਂ ਲਈ ਅਸ਼ੀਰਵਾਦ ਭੇਜਦਾ ਹੈ ਅਤੇ ਪ੍ਰੀਤਮ ਸਿੰਘ ਹੋਰਨਾਂ ਦਾ 'ਕੈਨੇਡਾ ਦਰਪਣ' ਨੂੰ ਸਹਾਇਤਾ ਲਈ ਧੰਨਵਾਦ ਕਰਦਾ ਹੈ।



ਗੁਰਦੀਪ ਸਿੰਘ ਅਤੇ ਸੁਖਮਿੰਦਰ ਕੌਰ

ਤੇਰੀਆਂ ਗ਼ਜ਼ਲਾਂ 'ਚ ਹੁੰਦਾ, ਰੰਗ ਇਕੋ ਹੀ ਸਦਾ
ਰੰਗ ਹੁੰਦਾ ਹੈ ਸਦਾ, ਕਿਸ ਜੂਝਦੇ ਇਨਸਾਨ ਦਾ?


## ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇਜਨੀਅਰਿਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1

## ਮੈਟਰੀਮੋਨੀਅਲ

ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।
ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।

ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇਮੀਗਰੇਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1


## 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.................................................
Address.............................................
City....................................................
Province............................................
Postal code........................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA.......................... | 100 dollars[a year] |
| U.S.A......................... | 30 dollars [a year] |
| Europe ...................... | 100 dollars[a year] |
| Africa ....................... | 100 dollars [a year] |


R.K. Blueberry Farm & Contractor
ਲਈ

## ਫਾਰਮ ਵਰਕਰਾਂ ਦੀ ਲੋੜ

ਸਾਡੇ ਕੋਲ ਇਸੇ ਹਫਤੇ ਕੰਮ ਸ਼ੁਰੂ ਹੋ ਚੁੱਕਾ ਹੈ। ਉਹੀ ਸੱਜਣ ਸਾਨੂੰ ਫੋਨ ਕਰਨ ਜਿੰਨ੍ਹਾਂ ਨੇ ਪੂਰਾ ਸੀਜ਼ਨ ਕੰਮ ਕਰਨਾ ਹੈ। ਸਟਰਾਅ ਬੇਰੀ, ਬਿਲੂਬੇਰੀ ਅਤੇ ਰਸਬੇਰੀ ਦਾ ਕੰਮ ਹੈ। ਇਕ ਮਹੀਨੇ ਲਈ ਨਰਸਰੀ ਦਾ ਠੇਕਾ ਵੀ ਹੈ। ਸਰੀ ਡੈਲਟਾ ਨਿਵਾਸੀ ਹੀ ਸਾਨੂੰ ਫੋਨ ਕਰਨ।

**ਸਾਨੂੰ ਇਕ ਵੈਨ ਡਰਾਈਵਰ ਦੀ ਵੀ ਲੋੜ ਹੈ।**

8 p.m. ਤੱਕ ਹੀ ਤੁਸੀਂ ਫੋਨ ਕਰ ਸਕਦੇ ਹੋ।
ਹੋਰ ਜਾਣਕਾਰੀ ਲਈ ਫੋਨ ਕਰੋ :-

**ਨਿਰਭੈ ਸਿੰਘ ਧਨੋਆ**
**ਫੂਨ : 590-6492**

## ਵਰ ਦੀ ਲੋੜ

ਇਕ 21 ਸਾਲਾ ਲੜਕੀ ਲਈ ਕੰਮ ਤੇ ਲੱਗੇ ਹੋਏ ਲੜਕੇ ਦੀ ਲੋੜ ਹੈ। ਲੜਕੀ ਕੰਮ ਕਰਦੀ ਹੈ ਅਤੇ ਇੰਡੀਆਂ ਦੀਆਂ ਦਸ ਜਮਾਤਾਂ ਪਾਸ ਹੈ ਅਤੇ ਕੈਨੇਡਾ ਆ ਕੇ ਵੀ 2-3 ਸਾਲ ਪੜ੍ਹਾਈ ਨੂੰ ਲਾਏ ਹਨ। ਹੋਰ ਜਾਣਕਾਰੀ ਫੋਨ ਤੇ ਜਾਂ ਚਿੱਠੀ ਪੱਤਰ ਕਰਕੇ ਪਤਾ ਕਰ ਸਕਦੇ ਹੋ।

Ph. 563-9848
After 5.00 p.m.
K.S.
C/o Canada Darpan
P.O.BOX 67344 Stn. 0
Vancouver, B.C. V5W 3T1

## D. P. Pandia & Associates
Immigration Consultants
Serving the Community Since 1939

Jitendra Desai — D. P.Pandia

**Ph. (604)684-3716**
#61 - 553 Granville St. Vancouver, B.C.

ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

# ROKKO SAREES & FABRICS







**6201 Fraser Street**
**VANCOUVER**
**Tel: 327-3033**

## When You Buy One Suit or One Saree

**(Any Price)**

## Save $1.00 with one Coupon

ਜਦੋਂ ਤੁਸੀਂ ਇਕ ਸੂਟ ਜਾਂ ਇਕ ਸਾੜ੍ਹੀ ਖ੍ਰੀਦੋ (ਕਿਸੇ ਵੀ ਕੀਮਤ ਤੇ)

ਇਸ ਕੂਪਨ ਨਾਲ 1.00 ਡਾਲਰ ਬਚਾਓ

| | | | | |
|---|---|---|---|---|
| This coupon worth $1.00 Off | This coupon worth $1.00 Off | This coupon worth $1.00 Off | This coupon worth $1.00 Off | This coupon worth $1.00 Off |
| Rokko Sarees & Fabrics 6201 Fraser Street, Vancouver | Rokko Sarees & Fabrics 6201 Fraser Street, Vancouver | Rokko Sarees & Fabrics 6201 Fraser Street, Vancouver | Rokko Sarees & Fabrics 6201 Fraser Street, Vancouver | Rokko Sarees & Fabrics 6201 Fraser Street, Vancouver |
| Offer Expires Wednesday March 19, 1986 | Offer Expires Wednesday March 19, 1986 | Offer Expires Wednesday March 19, 1986 | Offer Expires Wednesday March 19, 1986 | Offer Expires Wednesday March 19, 1986 |

## One Coupon For One Suit or Saree

ਇਕ ਕੂਪਨ ਇਕ ਸੂਟ ਜਾਂ ਇਕ ਸਾੜ੍ਹੀ ਲਈ

ਇਹ ਕੂਪਨ ਤੁਸੀਂ ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ ਤੇ ਵਰਤ
ਸਕਦੇ ਹੋ

## This Coupon is Valid At







**ROKKO SAREES & FABRICS**
**6201 Fraser Street**
**VANCOUVER**
**Tel: 327-3033**